ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸੋਮਵਾਰ, ਮਿਤੀ 26 ਮਾਰਚ, 2012 ਨੂੰ ਸਵੇਰੇ 11.30 ਵਜੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਅ.ਸ. ਬਰਾੜ . . . (ਸਭਾਪਤੀ)
   ਉਪ-ਕੁਲਪਤੀ
2. ਡਾ. ਰਜਿੰਦਰਜੀਤ ਕੌਰ,
   ਡੀਨ, ਅਕਾਦਮਿਕ ਮਾਮਲੇ
3. ਡਾ. ਜੇ.ਐਸ. ਬੱਲ,
   ਡੀਨ, ਐਗਰੀਕਲਚਰਲ ਤੇ ਫੋਰੈਸਟਰੀ ਫੈਕਲਟੀ
4. ਡਾ. ਰਾਧਾ ਸ਼ਰਮਾ,
   ਡੀਨ, ਆਰਟਸ ਤੇ ਸੋਸ਼ਲ ਸਾਇੰਸਜ਼ ਫ਼ੈਕਲਟੀ
5. ਡਾ. ਰਾਕੇਸ਼ ਮਹਾਜਨ,
   ਡੀਨ, ਸਾਇੰਸਜ਼ ਫੈਕਲਟੀ
6. ਡਾ. ਰਜਿੰਦਰ ਕੁਮਾਰ,
   ਰੀਡਰ ਅਤੇ ਮੁਖੀ, ਲਾਅ ਵਿਭਾਗ, ਰਿਜਨਲ ਕੈਂਪਸ, ਜਲੰਧਰ
7. ਡਾ. ਪੀ.ਕੇ. ਸਹਿਜਪਾਲ,
   ਪ੍ਰੋਫੈਸਰ ਅਤੇ ਮੁਖੀ, ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ
8. ਡਾ. ਐਸ.ਕੇ. ਮੋਡਗਿੱਲ,
   ਪ੍ਰਿੰਸੀਪਲ, ਐਸ.ਐਸ.ਐਮ. ਕਾਲਜ, ਦੀਨਾ ਨਗਰ
9. ਡਾ. ਜਸਪਾਲ ਸਿੰਘ ਰੰਧਾਵਾ,
   ਪ੍ਰਿੰਸੀਪਲ, ਲਾਇਲਪੁਰ ਖਾਲਸਾ ਕਾਲਜ, ਜਲੰਧਰ
10. ਸ੍ਰੀ ਵਿਨੋਦ ਕੁਮਾਰ ਸ਼ਾਹੀ,
    ਪ੍ਰਿੰਸੀਪਲ, ਜੀ.ਜੀ.ਐਸ. ਗੌਰਮਿੰਟ ਕਾਲਜ, ਜੰਡਿਆਲਾ (ਜਲੰਧਰ)
11. ਪ੍ਰੋ. ਮਨਜੀਤ ਸਿੰਘ, ਪਟਿਆਲਾ
12. ਡਾ. ਦਿਨੇਸ਼ ਸ਼ਰਮਾ,
    ਪ੍ਰਿੰਸੀਪਲ, ਏ.ਬੀ. ਕਾਲਜ, ਪਠਾਨਕੋਟ
13. ਡਾ. ਇੰਦਰਜੀਤ ਸਿੰਘ . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸਿੰਡੀਕੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ- ਡਾ. ਪਰਮਜੀਤ ਸਿੰਘ ਸਿੱਧੂ, ਡਾ. ਜਸਪਾਲ ਸਿੰਘ ਅਤੇ ਸ੍ਰੀਮਤੀ ਰਘਬੀਰ ਕੌਰ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਉਪ-ਕੁਲਪਤੀ ਸਾਹਿਬ ਨੇ ਦਸਿੱਆ ਕਿ ਸਿੰਡੀਕੇਟ ਉੱਤੇ ਡਾ. ਰਜਿੰਦਰ ਕੁਮਾਰ, ਡਾ. ਪੀ.ਕੇ. ਸਹਿਜਪਾਲ ਅਤੇ ਡਾ. ਜਸਪਾਲ ਸਿੰਘ ਰੰਧਾਵਾ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ ਅਤੇ

ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 22.12.2011 ਦੀ ਕਾਰਵਾਈ ਦੀ ਸੋਧ/ਵਾਧੇ ਸਹਿਤ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 22.12.2011 ਦੀ ਕਾਰਵਾਈ ਦੀ ਪੁਸ਼ਟੀ ਪੈਰਾ ਨੰ: 54 ਅਤੇ 56 ਵਿਚ ਹੇਠ ਲਿਖੀ ਸੋਧ/ ਵਾਧੇ ਸਹਿਤ ਕੀਤੀ ਜਾਂਦੀ ਹੈ:-

ਪੈਰਾ ਨੰ: 54

| ਵਰਤਮਾਨ ਨਿਰਣਾ | ਸੋਧਿਆ ਨਿਰਣਾ |
|---|---|
| **ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਖੇ ਸਮੈਸਟਰ ਸਿਸਟਮ ਅਧੀਨ ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਲਈ ਸਾਂਝੇ ਅਧਿਆਦੇਸ਼ (Common Ordinaces) ਬਣਾਉਣ ਲਈ ਗਠਿਤ ਕਮੇਟੀ ਦੀਆਂ ਮਿਤੀ 29.11.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ। | **ਪਾਸ ਹੋਇਆ** ਕਿ-<br>(ੳ) ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਖੇ ਸਮੈਸਟਰ ਸਿਸਟਮ ਅਧੀਨ ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਲਈ ਸਾਂਝੇ ਅਧਿਆਦੇਸ਼ (Common Ordinaces) ਬਣਾਉਣ ਲਈ ਗਠਿਤ ਕਮੇਟੀ ਦੀਆਂ ਮਿਤੀ 29.11.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਇਸ ਸੋਧ ਸਹਿਤ ਪਰਵਾਨ ਕੀਤੀਆਂ ਜਾਂਦੀਆਂ ਹਨ ਕਿ ਅੰਡਰ-ਗ੍ਰੈਜੂਏਟ ਕੋਰਸਾਂ ਲਈ ਸਾਂਝੇ ਅਧਿਆਦੇਸ਼ਾਂ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਸੈਸ਼ਨ 2012-13 ਤੋਂ ਲਾਗੂ ਹੋਣਗੀਆਂ।<br>(ਅ) ਪ੍ਰਾਈਵੇਟ ਤੌਰ ਤੇ/ ਡਿਸਟੈਂਸ ਐਜੂਕੇਸ਼ਨ ਅਧੀਨ ਸਮੈਸਟਰ ਸਿਸਟਮ ਅਧੀਨ ਪ੍ਰਵੇਸ਼ ਹੋ ਰਹੇ ਵਿਦਿਆਰਥੀਆਂ ਲਈ ਸਾਂਝੇ ਅਧਿਆਦੇਸ਼ਾਂ ਵਿਚ ਹੇਠ ਲਿਖੇ ਅਨੁਸਾਰ ਨੋਟ ਦਾ ਵਾਧਾ ਕੀਤਾ ਜਾਂਦਾ ਹੈ:-<br>**Note:-**<br>1. Grace marks will be allowed as per University ordinances.<br>2. Relevant clauses of the above said ordinances will also be applicable in the case of students appearing as Private Candidates/ Under Distance Education as per ordinances.<br><br>ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ। |

ਪੈਰਾ ਨੰ: 56

| ਵਰਤਮਾਨ ਮੱਤਾ | ਸੋਧਿਆ ਮੱਤਾ |
|---|---|
| **ਪਾਸ ਹੋਇਆ** ਕਿ ਅਧਿਆਪਕਾਂ ਲਈ ਨਿਰਧਾਰਤ ਕੀਤੇ **ਅੰਤਿਕਾ** ਵਿਚ ਦਰਜ 17.0 Code of Professional Ethics ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 81-83 ਉੱਤੇ ਸਟੈਚਿਊਟ 94 ਤੋਂ ਬਾਅਦ ਸਟੈਚਿਊਟ 95 ਵਜੋਂ ਦਰਜ ਕਰਨ ਅਤੇ | **ਪਾਸ ਹੋਇਆ** ਕਿ ਅਧਿਆਪਕਾਂ ਲਈ ਨਿਰਧਾਰਤ ਕੀਤੇ **ਅੰਤਿਕਾ** ਵਿਚ ਦਰਜ 17.0 Code of Professional Ethics ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਉੱਤੇ ਰੈਗੂਲੇਸ਼ਨਜ਼ ਚੈਪਟਰ II ਅਧੀਨ ਪੰਨਾ 221 ਤੋਂ ਬਾਅਦ ਦਰਜ ਕਰਨ ਦੀ ਪਰਵਾਨਗੀ |

ਸਟੈਚਿਊਟ 95 ਅਤੇ 96 ਨੂੰ ਕ੍ਰਮਵਾਰ ਸਟੈਚਿਊਟ 96 ਅਤੇ 97 ਵਜੋਂ ਤਬਦੀਲ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

ਇਹ ਵੀ **ਪਾਸ ਹੋਇਆ** ਕਿ ਉਕਤ Code of Professional Ethics ਯੂਨੀਵਰਸਿਟੀ ਦੇ ਸਾਰੇ ਅਧਿਆਪਕਾਂ ਅਤੇ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਸਮੂਹ ਕਾਲਜਾਂ ਦੇ ਅਧਿਆਪਕਾਂ ਤੇ ਲਾਗੂ ਹੋਵੇਗਾ।

ਦਿੱਤੀ ਜਾਂਦੀ ਹੈ।

ਇਹ ਵੀ **ਪਾਸ ਹੋਇਆ** ਕਿ ਉਕਤ Code of Professional Ethics ਯੂਨੀਵਰਸਿਟੀ ਦੇ ਸਾਰੇ ਅਧਿਆਪਕਾਂ ਅਤੇ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਸਮੂਹ ਕਾਲਜਾਂ ਦੇ ਅਧਿਆਪਕਾਂ ਤੇ ਲਾਗੂ ਹੋਵੇਗਾ।ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 22.12.2011 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਮਿਤੀ 22.12.2011 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

**ਵਿਤੀ ਸਾਲ 2012-13 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।**

3. ਵਿਤੀ ਸਾਲ 2012-13 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀਆਂ ਮਿਤੀ 13.3.2012 ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਉੱਤੇ ਵਿਚਾਰ ਹੋਈ।

ਰਜਿਸਟਰਾਰ ਸਾਹਿਬ ਨੇ ਵਿਤੀ ਸਾਲ 2011-12 ਦੇ ਬਜੱਟ ਅਨੁਮਾਨ ਸਬੰਧੀ ਵੇਰਵਾ ਦੱਸਿਆ। ਇਸ ਸਬੰਧੀ ਮੈਂਬਰ ਸਾਹਿਬਾਨ ਨੂੰ ਹੇਠ ਲਿਖੇ ਅਨੁਸਾਰ ਨੋਟ ਪੇਸ਼ ਕੀਤਾ ਗਿਆ:-

ਸਾਲ 2011-12 ਦਾ ਲੇਖਾ ਜੋਖਾ

ਸਾਲ 2011-12 ਦਾ ਮੂਲ ਬਜਟ 25 ਕਰੋੜ 19 ਲੱਖ 87 ਹਜਾਰ ਰੁਪਏ ਦੀ ਮੁਢਲੀ ਬਕਾਇਆ ਨਾਲ ਸ਼ੁਰੂ ਕੀਤਾ ਗਿਆ ਸੀ, ਜਦਕਿ ਇਸੇ ਸਾਲ ਦੇ ਸੋਧੇ ਬਜਟ ਅਨੁਮਾਨ ਵਿਚ ਪਲੱਸ ਮੁਢਲੀ ਬਕਾਇਆ ਵਧ ਕੇ 42 ਕਰੋੜ 89 ਲੱਖ 65 ਹਜਾਰ ਰੁਪਏ ਹੋਵੇਗਾ। ਸਾਲ 2011-12 ਦਾ ਮੂਲ ਬਜਟ 242 ਕਰੋੜ 58 ਲੱਖ 52 ਹਜਾਰ ਰੁਪਏ ਦਾ ਪੇਸ਼ ਕੀਤਾ ਗਿਆ ਸੀ, ਜੋ ਕਿ ਸੋਧੇ ਬਜਟ ਅਨੁਮਾਨਾਂ ਵਿਚ ਘਟਾ ਕੇ 190 ਕਰੋੜ 70 ਲੱਖ 89 ਹਜਾਰ ਰੁਪਏ ਕਰ ਦਿੱਤਾ ਗਿਆ ਹੈ, ਤਾਂ ਜੋ ਅਗਲੇ ਸਾਲ ਦੇ ਵਧੇ ਹੋਏ ਖਰਚਿਆਂ ਦੀ ਪੂਰਤੀ ਲਈ ਵੱਧ ਤੋਂ ਵੱਧ ਰਾਸ਼ੀ ਉਪਲਬਧ ਹੋ ਸਕੇ। ਇਸ ਸਾਲ ਪੰਜਾਬ ਸਰਕਾਰ ਵੱਲੋਂ ਬਤੌਰ ਮੇਨਟੀਨੈਂਸ ਗ੍ਰਾਂਟ 35 ਕਰੋੜ 54 ਲੱਖ 85 ਹਜਾਰ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਵੇਗੀ। ਯੂਨੀਵਰਸਿਟੀ ਦੇ ਆਪਣਿਆਂ ਵਸੀਲਿਆਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ 87 ਕਰੋੜ 5 ਲੱਖ 49 ਹਜਾਰ ਦਾ ਅੰਦਾਜਾ ਲਗਾਇਆ ਗਿਆ ਸੀ ਜਦਕਿ ਸੋਧੇ ਅਨੁਮਾਨਾਂ ਵਿਚ ਪ੍ਰਾਪਤ ਹੋਣ ਵਾਲੀ ਆਮਦਨ 121 ਕਰੋੜ 19 ਲੱਖ 72 ਹਜਾਰ ਰੁਪਏ ਹੋਣ ਦੀ ਆਸ ਹੈ। ਇਸ ਤਰ੍ਹਾਂ ਸਾਲ 2011-12 ਦੌਰਾਨ ਖਰਚੇ ਵਿਚ ਤਕਰੀਬਨ 52 ਕਰੋੜ ਰੁਪਏ ਦੀ ਕਮੀ ਕੀਤੀ ਗਈ ਹੈ, ਜਦਕਿ ਆਮਦਨ ਵਿਚ ਤਕਰੀਬਨ 34 ਕਰੋੜ ਰੁਪਏ ਦਾ ਵਾਧਾ ਕਰਦਿਆਂ ਹੋਇਆਂ ਸਾਲ 2011-12 ਦੇ ਬਜਟ ਦਾ ਅੰਤ 9 ਕਰੋੜ 1 ਲੱਖ 33 ਹਜਾਰ ਰੁਪਏ ਦੀ ਵਾਫਰ ਰਕਮ ਨਾਲ ਕੀਤਾ ਗਿਆ ਹੈ।

ਸਾਲ 2012-13 ਦੇ ਬਜਟ ਅਨੁਮਾਨ

ਸਾਲ 2012-13 ਦਾ ਬਜਟ 9 ਕਰੋੜ 1 ਲੱਖ 33 ਹਜਾਰ ਰੁਪਏ ਦੀ ਵਾਫਰ ਰਕਮ ਨਾਲ ਸ਼ੁਰੂ ਹੁੰਦਾ ਹੈ। ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਹੋਣ ਕਰਕੇ ਸੈਲਰੀ ਦਾ ਖਰਚਾ 112 ਕਰੋੜ ਰੁਪਏ ਤੋਂ ਵੱਧ ਕੇ ਤਕਰੀਬਨ 128 ਕਰੋੜ ਰੁਪਏ ਸਲਾਨਾ ਹੋ ਗਿਆ ਹੈ। ਇਸ ਤੋਂ ਇਲਾਵਾ ਵਧੇ ਹੋਏ ਤਨਖਾਹ ਸਕੇਲ ਦੇ ਬਣਦੇ ਬਕਾਏ

ਦੀ ਅਦਾਇਗੀ ਹਿੱਤ ਟੀਚਿੰਗ ਸਟਾਫ ਲਈ 43 ਕਰੋੜ ਰੁਪਏ, ਨਾਨ-ਟੀਚਿੰਗ ਸਟਾਫ ਲਈ 5 ਕਰੋੜ ਰੁਪਏ ਅਤੇ ਮਹਿੰਗਾਈ ਭੱਤੇ ਅਤੇ ਹੋਰ ਭੱਤਿਆਂ ਵਿਚ ਹੋਣ ਵਾਲੇ ਵਾਧੇ ਲਈ 12 ਕਰੋੜ ਰੁਪਏ ਦੀ ਵਿਵਸਥਾ ਬੱਜਟ ਵਿਚ ਕੀਤੀ ਗਈ ਹੈ। ਕੁੱਲ ਮਿਲਾ ਕੇ ਖਰਚੇ ਦੀ ਰਕਮ 263 ਕਰੋੜ 81 ਲੱਖ 27 ਹਜਾਰ ਰੁਪਏ ਹੋਵੇਗੀ।

ਇਸ ਹਾਊਸ ਦੇ ਮਾਨਯੋਗ ਮੈਂਬਰ ਸਾਹਿਬਾਨ ਵੱਲੋਂ ਪੰਜਾਬ ਸਰਕਾਰ ਰਾਹੀਂ ਕੀਤੇ ਸਹਿਯੋਗ ਦੇ ਸਿੱਟੇ ਵਜੋਂ ਸਾਲ 2011-12 ਦੌਰਾਨ ਮਾਨਯੋਗ ਵਿੱਤ ਮੰਤਰੀ ਜੀ ਵੱਲੋਂ ਵਿਧਾਨ ਸਭਾ ਦੇ ਸੈਸ਼ਨ ਵਿਚ ਕੀਤੀ ਗਈ ਘੋਸ਼ਣਾ ਮੁਤਾਬਕ ਸਾਲ 2011-12 ਦੌਰਾਨ ਸਰਕਾਰ ਵਲੋਂ ਯੂਨੀਵਰਸਿਟੀ ਦੀ ਗ੍ਰਾਂਟ ਵਿਚ 50% ਭਾਵ 11 ਕਰੋੜ 84 ਲੱਖ 95 ਹਜਾਰ ਰੁਪਏ ਦਾ ਵਾਧਾ ਕੀਤਾ ਗਿਆ ਸੀ। ਘੋਸ਼ਣਾ ਮੁਤਾਬਕ ਇਹ ਵਾਧਾ ਅਗਾਂਹ ਲਈ ਵੀ ਜਾਰੀ ਰੱਖਣਾ ਬਣਦਾ ਸੀ, ਪ੍ਰੰਤੂ ਪ੍ਰਾਪਤ ਹੋਈ ਸੂਚਨਾ ਮੁਤਾਬਕ ਸਾਲ 2012-13 ਦੇ ਬਜਟ ਵਿਚ ਸਰਕਾਰ ਵੱਲੋਂ ਇਹ ਵਾਧਾ ਵਾਪਸ ਲੈ ਲਿਆ ਗਿਆ ਹੈ। ਮਾਨਯੋਗ ਮੈਂਬਰ ਸਾਹਿਬਾਨ ਨੂੰ ਸਾਡੇ ਵੱਲੋਂ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੀ ਪੱਧਰ ਤੇ ਸਰਕਾਰ ਨੂੰ ਪਹੁੰਚ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਕਿ ਇਸ ਵਾਧੇ ਨੂੰ ਜਾਰੀ ਰੱਖਦਿਆ ਹੋਇਆਂ ਸਾਲ 2012-13 ਦੌਰਾਨ ਅਤੇ ਆਉਣ ਵਾਲੇ ਸਾਲਾਂ ਲਈ ਵੀ ਬਤੌਰ ਮੇਨਟੀਨੈਂਸ ਗ੍ਰਾਂਟ 35 ਕਰੋੜ 54 ਲੱਖ 85 ਹਜਾਰ ਰੁਪਏ ਪਲੱਸ 6 ਕਰੋੜ ਰੁਪਏ, ਚਾਰ "ਸਰਕਾਰੀ ਸਹਾਇਤਾ ਪ੍ਰਾਪਤ ਕਾਂਸਟੀਚੂਐਂਟ ਕਾਲਜਾਂ" ਲਈ ਵੱਖਰੇ ਤੌਰ ਤੇ ਪ੍ਰਵਾਨ ਕੀਤਾ ਜਾਵੇ ਅਤੇ ਇਨ੍ਹਾਂ ਕਾਲਜਾਂ ਨੂੰ ਗ੍ਰਾਂਟ ਦੀ ਅਲਾਟਮੈਂਟ ਦਾ ਬਜਟ ਉਪਬੰਧ ਪੰਜਾਬ ਸਰਕਾਰ ਦੇ ਬਜਟ ਵਿਚ ਵੱਖਰੇ ਤੌਰ ਤੇ ਕੀਤਾ ਜਾਵੇ।

ਇਸ ਆਸ ਤੇ ਕਿ ਸਰਕਾਰ ਵੱਲੋਂ ਵਧੀ ਹੋਈ ਗ੍ਰਾਂਟ ਭਾਵ 35 ਕਰੋੜ 54 ਲੱਖ 85 ਹਜਾਰ ਰੁਪਏ ਦੀ ਪ੍ਰਾਪਤੀ ਹੋਵੇਗੀ ਅਤੇ 43 ਕਰੋੜ ਰੁਪਏ ਦੀ ਪ੍ਰਾਪਤੀ ਸਰਕਾਰ ਪਾਸੋਂ ਟੀਚਿੰਗ ਸਟਾਫ ਦੇ ਵਧੇ ਹੋਏ ਸਕੇਲਾਂ ਦੇ ਬਕਾਇਆ ਦੀ ਅਦਾਇਗੀ ਲਈ ਪ੍ਰਾਪਤ ਹੋਵੇਗੀ, ਇਨ੍ਹਾਂ ਗ੍ਰਾਂਟਾਂ ਅਤੇ ਫੀਸਾਂ ਆਦਿ ਤੋਂ ਪ੍ਰਾਪਤ ਹੋਣ ਵਾਲੀ 103 ਕਰੋੜ 23 ਲੱਖ 5 ਹਜਾਰ ਰੁਪਏ ਦੀ ਆਮਦਨ ਨੂੰ ਮਿਲਾ ਕੇ ਕੁਲ 181 ਕਰੋੜ 77 ਲੱਖ 90 ਹਜਾਰ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ। ਇਸ ਤਰ੍ਹਾਂ ਸਾਲ 2012-13 ਦਾ ਬਜਟ 73 ਕਰੋੜ 2 ਲੱਖ 4 ਹਜਾਰ ਰੁਪਏ ਦੇ ਘਾਟੇ ਨਾਲ ਹੋਣ ਦਾ ਅਨੁਮਾਨ ਹੈ। ਇਸ ਘਾਟੇ ਦੀ ਪੂਰਤੀ ਹਿੱਤ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਵੱਖ ਵੱਖ ਮੱਦਾਂ ਅਧੀਨ ਖਰਚਾ ਇਸ ਸਾਲ ਦੌਰਾਨ ਪ੍ਰਾਪਤ ਹੋਣ ਵਾਲੀ ਆਮਦਨ ਦੀ ਅਸਲ ਰਕਮ ਨੂੰ ਸਾਹਮਣੇ ਰੱਖ ਕੇ ਕੀਤਾ ਜਾਵੇ।

ਸਾਲ 2012-13 ਦੇ ਬਜਟ ਅਨੁਮਾਨ ਦੀ ਕੁੱਲ 263 ਕਰੋੜ 81 ਲੱਖ 27 ਹਜਾਰ ਰੁਪਏ ਦੀ ਰਾਸ਼ੀ ਵਿਚੋਂ ਕੀਤੇ ਜਾਣ ਵਾਲੇ ਖਰਚ ਦਾ ਪ੍ਰਤੀਸ਼ਤ ਇਸ ਤਰ੍ਹਾਂ ਹੋਵੇਗਾ:-

| | | |
|---|---|---|
| 1. | ਅਧਿਆਪਨ, ਅਲਾਈਡ ਅਧਿਆਪਨ, ਖੋਜ ਅਤੇ ਸਿੱਖਿਆ ਦਾ ਸੁਧਾਰ | 57.21% |
| 2. | ਨਾਨ-ਟੀਚੰਗ ਵਿਭਾਗ<br>(ਹੋਸਟਲ, ਪਬਲੀਕੇਸ਼ਨ, ਅਸਟੇਟ, ਉਸਾਰੀ, ਐਨ.ਐਸ.ਐਸ., ਲੈਂਡਸਕੇਪ, ਗੈਸਟ ਹਾਊਸ, ਲੋਕ ਸੰਪਰਕ, ਸਿਹਤ ਕੇਂਦਰ) | 9.56% |
| 3. | ਜਨਰਲ ਐਡਮਿਨਿਸਟ੍ਰੇਸ਼ਨ | 14.26% |
| 4. | ਪ੍ਰੀਖਿਆਵਾਂ ਦਾ ਸੰਚਾਲਨ | 3.51% |
| 5. | ਆਮ ਮੱਦਾਂ (ਟੀਚਿੰਗ ਅਤੇ ਨਾਨ-ਟੀਚਿੰਗ)<br>(ਸੇਵਾ-ਮੁਕਤੀ ਲਾਭ, ਵਹੀਕਲਜ਼, ਪ੍ਰਿੰਟਿੰਗ, ਲੀਗਲ ਖਰਚੇ, ਪੀ.ਏ.ਬੀ.ਐਕਸ., ਐਡਵਰਟਾਈਜ਼ਮੈਂਟ, ਇਨਸ਼ੋਰੈਂਸ, ਵਿਭਾਗਾਂ ਦਾ ਆਧੁਨੀਕੀਕਰਨ) | 13.94% |
| 6. | ਇਮਾਰਤਾਂ ਦੀ ਉਸਾਰੀ | 1.52% |

ਸਾਲ 2011-12 ਦੌਰਾਨ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਮਦਦ ਲਈ 3 ਕਰੋੜ ਰੁਪਏ ਦੀ ਫੀਸ ਰਿਫੰਡ ਕੀਤੀ ਗਈ ਹੈ ਜਾਂ ਕਨਸੈਸ਼ਨ ਵਜੋਂ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸਕਾਲਰਸ਼ਿਪ ਵਜੋਂ ਅਤੇ ਅਪਾਹਿਜ ਵਿਦਿਆਰਥੀਆਂ ਦੀ ਮਦਦ ਹਿੱਤ 23 ਲੱਖ ਰੁਪਏ ਦੀ ਰਾਸ਼ੀ ਰਿਲੀਜ਼

ਕੀਤੀ ਜਾ ਚੁੱਕੀ ਹੈ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਸਕਲਾਰਸ਼ਿਪ ਦੀ ਅਦਾਇਗੀ ਕਰਵਾਉਣ ਲਈ 2 ਕਰੋੜ 39 ਲੱਖ ਰੁਪਏ ਦੀ ਰਕਮ ਦੇ ਕਲੇਮ ਪੰਜਾਬ ਸਰਕਾਰ ਨੂੰ ਭੇਜੇ ਜਾ ਚੁੱਕੇ ਹਨ। ਕਾਲਜ ਵਿਦਿਆਰਥੀਆਂ ਨੂੰ ਸਪੋਰਟਸ ਅਤੇ ਕਲਚਰਲ ਗਤੀਵਿਧੀਆਂ ਵਿਚ ਵੱਧ ਤੋਂ ਵੱਧ ਭਾਗ ਲੈਣ ਲਈ ਉਤਸ਼ਾਹਿਤ ਕਰਨ ਲਈ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਦੌਰਾਨ ਵੀ ਵੱਧ ਤੋਂ ਵੱਧ ਯੁਵਕ ਮੇਲੇ ਅਤੇ ਖੇਡ ਮੁਕਾਬਲੇ ਆਯੋਜਿਤ ਕਰਕੇ ਵਿਦਿਆਰਥੀਆਂ ਨੂੰ ਸ਼ੀਲਡ ਅਤੇ ਬਲੇਜ਼ਰ ਆਦਿ ਤੋਂ ਇਲਾਵਾ ਦਿੱਤੇ ਜਾਂਦੇ ਨਕਦ ਪੁਰਸਕਾਰਾਂ ਵਿਚ ਵੀ ਵਾਧਾ ਕੀਤਾ ਜਾ ਰਿਹਾ ਹੈ। ਇਸ ਤੋਂ ਛੁੱਟ ਤਕਰੀਬਨ ਹਰੇਕ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਵਿਦਿਅਕ ਟੂਰ ਕਰਵਾਏ ਜਾਣ ਦੇ ਨਾਲ-ਨਾਲ ਸਮੇਂ-ਸਮੇਂ ਤੇ ਸੈਮੀਨਾਰ ਅਤੇ ਕਾਨਫਰੰਸਾਂ ਦਾ ਆਯੋਜਨ ਕਰਕੇ ਦੂਰ ਦੂਰ ਤੋਂ, ਇਥੋਂ ਤੱਕ ਕੇ ਵਿਦੇਸ਼ਾਂ ਤੋਂ ਵੀ ਸਬੰਧਤ ਵਿਸ਼ੇ ਦੇ ਵਿਦਿਅਕ ਮਾਹਿਰ ਬੁਲਾ ਕੇ ਵਿਦਿਆਰਥੀਆਂ ਨੂੰ ਇਨ੍ਹਾਂ ਮਾਹਿਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ।

ਮਾਨਯੋਗ ਹਾਊਸ ਨੂੰ ਦਸਦਿਆਂ ਸਾਨੂੰ ਇਹ ਖੁਸ਼ੀ ਹੋ ਰਹੀ ਹੈ ਕਿ ਯੂਨੀਵਰਸਿਟੀ ਵੱਲੋਂ ਇਹ ਟੀਚਾ ਮਿੱਥਿਆ ਗਿਆ ਹੈ ਕਿ ਵਿਦਿਆ ਦਾ ਮਿਆਰ ਉੱਚਾ ਕਰਨ ਅਤੇ ਇਸ ਮਿਆਰ ਨੂੰ ਸਮਾਜ ਦੇ ਕਲਿਆਣ ਹਿੱਤ ਵਰਤੋਂਯੋਗ ਕਰਨ ਲਈ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵਿਚ ਰਿਸਰਚ ਦੇ ਕੰਮ ਵਿਚ ਵਾਧਾ ਕੀਤਾ ਜਾਵੇ, ਜਿਸ ਲਈ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਦੇ ਹਰੇਕ ਟੀਚਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਸਮੇਂ 400 ਤੋਂ ਵੱਧ ਵਿਦਿਆਰਥੀ ਯੂ.ਜੀ.ਸੀ., ਡੀ.ਐਸ.ਟੀ. ਅਤੇ ਹੋਰ ਦੂਸਰੀਆਂ ਏਜੰਸੀਆਂ ਦੇ ਪ੍ਰੋਜੈਕਟਾਂ ਅਧੀਨ ਰਿਸਰਚ ਦਾ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਯੂਨੀਵਰਸਿਟੀ ਵਲੋਂ ਆਪਣੀ ਪੱਧਰ ਤੇ ਪਿਛਲੇ ਸਾਲ ਇਹ ਵਿਵਸਥਾ ਕੀਤੀ ਗਈ ਸੀ ਕਿ ਇਸ ਯੂਨੀਵਰਸਿਟੀ ਵਿਚ Pre-Ph.D. ਦੀ ਪ੍ਰੀਖਿਆ ਜਾਂ NET ਪਾਸ ਰਿਸਰਚ ਕਰਨ ਵਾਲੇ 50 ਸਕਾਲਰਜ਼ ਨੂੰ 5 ਹਜਾਰ ਰੁਪਏ ਪ੍ਰਤੀ ਮਹੀਨਾ ਸਕਾਲਰਸ਼ਿਪ ਦਿੱਤਾ ਜਾਵੇ।ਸਾਲ 2012-13 ਦੌਰਾਨ ਇਨ੍ਹਾਂ ਦੀ ਗਿਣਤੀ ਵਧਾ ਕੇ 100 ਕਰ ਦਿੱਤੀ ਗਈ ਹੈ ਅਤੇ ਸਕਾਲਰਸ਼ਿਪ ਦੀ ਰਕਮ ਵਿਚ ਵਾਧਾ ਕਰਦਿਆਂ 7 ਹਜਾਰ 500 ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ। ਸਾਇੰਸ ਅਤੇ ਟੈਕਨਾਲੋਜੀ ਦੀ ਰਿਸਰਚ ਦਾ ਮਿਆਰ ਹੋਰ ਉੱਚਾ ਕਰਨ ਲਈ ਯੂਨੀਵਰਸਿਟੀ ਵਲੋਂ ਤਕਰੀਬਨ 7 ਕਰੋੜ ਰੁਪਏ ਦੀ ਲਾਗਤ ਨਾਲ Highly Sophisticated Instruments ਦੀ ਖਰੀਦ ਕੀਤੀ ਗਈ ਹੈ। ਇਨ੍ਹਾਂ ਯੰਤਰਾਂ ਦਾ ਇਸਤੇਮਾਲ ਸਮੂਹ ਵਿਦਿਆਰਥੀਆਂ ਅਤੇ ਟੀਚਰਾਂ ਵਲੋਂ ਕਰਨ ਲਈ ਯੂਨੀਵਰਸਿਟੀ ਵਿਖੇ Central Instrumentation Facility ਵੱਖਰੇ ਤੌਰ ਤੇ ਸਥਾਪਿਤ ਕਰ ਦਿੱਤੀ ਗਈ ਹੈ। ਇਨ੍ਹਾਂ ਦੀ ਮੇਨਟੀਨੈਂਸ ਲਈ ਯੂਨੀਵਰਸਿਟੀ ਦੇ ਬਜਟ ਵਿਚ 20 ਲੱਖ ਰੁਪਏ ਦੀ ਵਿਵਸਥਾ ਕੀਤੀ ਗਈ ਹੈ।

ਗਿਆਰਵੇਂ ਪਲਾਨ ਦੌਰਾਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ ਭਾਰਤ ਦੀਆਂ ਛੇ ਯੂਨੀਵਰਸਿਟੀਆਂ ਨੂੰ University with Potential for Excellence ਦਾ ਸਨਮਾਨ ਪ੍ਰਦਾਨ ਕੀਤਾ ਗਿਆ ਹੈ। ਇਹ ਸਨਮਾਨ ਹਾਸਲ ਕਰਨ ਵਾਲੀਆਂ ਯੂਨੀਵਰਿਸਟੀਆਂ ਵਿਚੋਂ ਇਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੀ ਸ਼ਾਮਲ ਹੈ। ਇਸ ਸਕੀਮ ਅਧੀਨ ਯੂਨੀਵਰਸਿਟੀ ਨੂੰ ਕੁੱਲ 50 ਕਰੋੜ ਰੁਪਏ ਦੀ ਗ੍ਰਾਂਟ ਪ੍ਰਵਾਨ ਕੀਤੀ ਗਈ ਹੈ, ਜਿਸ ਦਾ ਇਸਤੇਮਾਲ ਰਿਸਰਚ ਵਿਚ ਹੋਰ ਉਚਾਈਆਂ ਛੂਹਣ ਲਈ ਕੀਤਾ ਜਾਵੇਗਾ।

ਇਸ ਸਾਲ ਦੌਰਾਨ ਇਮਾਰਤਾਂ ਦੀ ਉਸਾਰੀ ਦੀ ਗਤੀਵਿਧੀਆਂ ਵਿਚ ਅੰਮ੍ਰਿਤਸਰ ਅਤੇ ਬਾਹਰਲੇ ਕੈਂਪਸਾਂ ਵਿਚ ਤੇਜੀ ਲਿਆਂਦੀ ਜਾ ਰਹੀ ਹੈ। ਅੰਮ੍ਰਿਤਸਰ ਕੈਂਪਸ ਵਿਚ ਗਰਲਜ਼ ਹੋਸਟਲ ਦੀ 6 ਮੰਜਲਾਂ ਇਮਾਰਤ, ਹਾਕੀ ਸਟੇਡੀਅਮ ਦੇ ਨਜਦੀਕ ਸਪੋਰਟਸ ਹੋਸਟਲ, ਪੁਰਾਣੇ ਸਪੋਰਟਸ ਹੋਸਟਲ ਦੀ ਐਕਸਟੈਂਸ਼ਨ, ਵੈਲੋਡਰੋਮ ਨਜਦੀਕ ਦਰਸ਼ਕ ਗੈਲਰੀ ਦੀ ਉਸਾਰੀ ਕੀਤੀ ਜਾ ਰਹੀ ਹੈ। ਗੁਰਦਾਸਪੁਰ ਕੈਂਪਸ ਵਿਚ ਆਈ.ਟੀ. ਬਲਾਕ ਦੀ ਚੌਥੀ ਮੰਜ਼ਿਲ, ਮੁਕੰਦਪੁਰ ਦੇ ਆਈ.ਟੀ. ਬਲਾਕ ਇਮਾਰਤ ਦੀ ਐਕਸਟੈਂਸ਼ਨ ਅਤੇ ਸਕੂਲ ਬਿਲਡਿੰਗ ਦੀ ਇਮਾਰਤ ਵਿਚ ਵਾਧਾ ਕੀਤਾ ਜਾ ਰਿਹਾ ਹੈ। ਸੁਲਤਾਨਪੁਰ ਲੋਧੀ ਕੈਂਪਸ ਵਿਚ ਬਾਊਂਡਰੀ ਵਾਲ, ਚਾਰ ਮੰਜਲਾ ਆਈ.ਟੀ. ਬਲਾਕ ਦੇ ਨਾਲ ਨਾਲ ਸੜਕਾਂ ਆਦਿ ਦੀ ਉਸਾਰੀ ਕੀਤੀ ਜਾ ਰਹੀ ਹੈ। ਸਠਿਆਲਾ ਕੈਂਪਸ ਨੂੰ ਇਕ ਮੁਕੰਮਲ ਕੈਂਪਸ ਦਾ ਰੂਪ ਦੇਣ ਲਈ ਪ੍ਰਬੰਧਕੀ ਬਲਾਕ, ਅਕੈਡਮਿਕ ਬਲਾਕ,

ਗੈਸਟ ਹਾਊਸ, ਗਰਲਜ਼ ਹੋਸਟਲ, ਬੁਆਏਜ਼ ਹੋਸਟਲ, ਡਾਇਨਿੰਗ ਹਾਲ ਦੀ ਉਸਾਰੀ ਕੀਤੀ ਜਾ ਰਹੀ ਹੈ।

ਯੂਨੀਵਰਸਿਟੀ ਦੀ ਤਕਰੀਬਨ ਹਰੇਕ ਬ੍ਰਾਂਚ ਦਾ ਕੰਮ ਕੰਪਿਊਟਰ ਤੇ ਲਿਆਇਆ ਜਾ ਚੁੱਕਾ ਹੈ। ਕੰਪਿਊਟਰ ਦੇ ਕੰਮ ਵਿਚ ਸਾਂਝੇ ਤੌਰ ਤੇ ਸੁਧਾਰ ਕਰਨ ਅਤੇ ਵਿਦਿਆਰਥੀਆਂ ਤੇ ਕਾਲਜਾਂ ਨੂੰ ਹੋਰ ਆਧੁਨਿਕ ਸਹੂਲਤਾਂ ਮੁਹਈਆ ਕਰਵਾਉਣ ਦੇ ਮੰਤਵ ਨਾਲ ਇਸ ਸਾਲ ਦੇ ਬਜਟ ਵਿਚ ERP Solutions ਦੀ ਮੱਦ ਅਧੀਨ 50 ਲੱਖ ਰੁਪਏ ਦੀ ਵਿਵਸਥਾ ਕੀਤੀ ਗਈ ਹੈ।

ਪੰਜਾਬ ਸਰਕਾਰ ਵਲੋਂ ਜਾਰੀ ਵੱਖ-ਵੱਖ ਨੋਟੀਫਿਕੇਸ਼ਨਾਂ ਨੂੰ ਇਸ ਯੂਨੀਵਰਸਿਟੀ ਦੇ ਕਰਮਚਾਰੀਆਂ ਲਈ ਅਡਾਪਟ ਕਰਦਿਆਂ ਹੋਇਆਂ ਤਕਰੀਬਨ ਹਰੇਕ ਨਾਨ-ਟੀਚਿੰਗ ਕਰਮਚਾਰੀ ਦੀ ਅਦਾਇਗੀ ਯੋਗ ਸੈਲਰੀ ਤੇ ਭੱਤਿਆਂ ਵਿਚ ਵਾਧਾ ਕਰ ਦਿੱਤਾ ਗਿਆ ਹੈ। ਇਨ੍ਹਾਂ ਕਰਮਚਾਰੀਆਂ ਦੇ ਵਧੇ ਹੋਏ ਤਨਖਾਹ ਸਕੇਲਾਂ ਅਤੇ ਪੈਨਸ਼ਨਰਾਂ ਦੀ ਵਧੀ ਹੋਈ ਪੈਨਸ਼ਨ ਦੇ ਬਕਾਇਆ ਦੀ ਅਦਾਇਗੀ ਕੀਤੀ ਜਾ ਰਹੀ ਹੈ। ਟੀਚਿੰਗ ਸਟਾਫ ਦੇ Pay Scale Arrear ਦੀ ਬਣਦੀ ਰਕਮ ਦਾ 80% ਭਾਰਤ ਸਰਕਾਰ ਵਲੋਂ ਦਿੱਤਾ ਜਾਣਾ ਹੈ, ਜਦਕਿ 20% ਦਾ ਵਿੱਤੀ ਬੋਝ ਪੰਜਾਬ ਸਰਕਾਰ ਵਲੋਂ ਝੱਲਿਆ ਜਾਣਾ ਹੈ। ਗ੍ਰਾਂਟ ਦੀ ਰਕਮ ਪ੍ਰਾਪਤ ਹੋਣ ਤੇ ਟੀਚਿੰਗ ਸਟਾਫ ਦੇ Pay Scale Arrear ਦੀ ਬਣਦੀ ਰਕਮ ਦੀ ਅਦਾਇਗੀ ਕਰਨ ਲਈ ਵਿਵਸਥਾ ਕੀਤੀ ਗਈ ਹੈ, ਜਿਸ ਲਈ ਸਾਲ 2012-13 ਦੇ ਬਜਟ ਵਿਚ 43 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

ਯੂਨੀਵਰਸਿਟੀ ਦੇ ਵਰਕਿੰਗ ਅਤੇ ਰਿਟਾਇਰਡ ਕਰਮਚਾਰੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਤੰਦਰੁਸਤ ਸਿਹਤ ਸੰਭਾਲ ਲਈ ਯੂਨੀਵਰਸਿਟੀ ਵੱਲੋਂ ਉਚੇਰਾ ਧਿਆਨ ਦਿੱਤਾ ਜਾ ਰਿਹਾ ਹੈ। ਯੂਨੀਵਰਸਿਟੀ ਦੇ ਸਿਹਤ ਕੇਂਦਰ ਵਿਚ ਐਕਸਰੇ, ਈ.ਸੀ.ਜੀ., ਅਲਟਰਾਸਾਊਂਡ ਅਤੇ ਵੱਖ-ਵੱਖ ਟੈਸਟਾਂ ਲਈ ਲੈਬਾਰਟਰੀ ਦੀ ਸਹੂਲਤ ਪਹਿਲਾਂ ਹੀ ਉਪਲਬਧ ਕਰਵਾਈ ਜਾ ਚੁੱਕੀ ਹੈ। ਇਸ ਵਿਚ ਵਾਧਾ ਕਰਦਿਆਂ ਹੋਇਆਂ ਹੱਡੀਆਂ ਦੀ ਜਾਂਚ ਲਈ Bone Density ਮਾਪਣ ਲਈ ਇੰਸਟਰੂਮੈਂਟ ਦੀ ਇਨਸਟਾਲੇਸ਼ਨ ਹੋ ਚੁੱਕੀ ਹੈ। ਥਾਈਰੋਡ, ਹਾਰਟ ਅਤੇ ਕੈਂਸਰ ਦੇ ਟੈਸਟਾਂ ਲਈ ਇੰਸਟਰੂਮੈਂਟਸ ਦੀ ਖਰੀਦ ਕੀਤੀ ਜਾ ਰਹੀ ਹੈ ਅਤੇ ਆਉਣ ਵਾਲੇ ਸਾਲਾਂ ਦੌਰਾਨ ਸਿਹਤ ਕੇਂਦਰ ਵਿਚ ਤਰਤੀਬਵਾਰ ਹੋਰ ਵੀ ਸੁਧਾਰ ਕੀਤੇ ਜਾਂਦੇ ਰਹਿਣਗੇ।

**ਪਾਸ ਹੋਇਆ** ਕਿ ਵਿਤੀ ਸਾਲ 2012-13 ਦੇ ਬੱਜਟ ਅਨੁਮਾਨਾਂ, ਆਮਦਨ ਅਤੇ ਖਰਚੇ ਆਦਿ ਸਹਿਤ ਵਿਤ ਕਮੇਟੀ ਦੀਆਂ ਮਿਤੀ 13.3.2012 ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਡਾ. ਸਤਿੰਦਰ ਕੌਰ, ਪ੍ਰੋਫੈਸਰ, ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪੁਸ਼ਟੀ।

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ.ਸਤਿੰਦਰ ਕੌਰ, ਪ੍ਰੋਫੈਸਰ, ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਨੂੰ Cambridge (UK) ਵਿਖੇ ਮਿਤੀ 15-18 ਜੁਲਾਈ, 2012 ਤੱਕ collaborative study on "ICUMSA 28$^{th}$ Session" ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਦੀ ਪਰਵਾਨਗੀ ਦਿੱਤੀ ਹੈ।

ਸਬੰਧਤ ਅਧਿਆਪਕਾਂ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ

ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ-

(ੳ) ਡਾ. ਸੁਖਦੇਵ ਸਿੰਘ ਖਾਹਰਾ, ਪ੍ਰੋਫੈਸਰ, ਸਕੂਲ ਆਫ ਪੰਜਾਬੀ ਸਟੱਡੀਜ਼ ਨੂੰ ਮਿਤੀ 11.1.2012 ਤੋਂ 30.6.2012 ਤੱਕ ਅਤੇ 1.7.2012 ਤੋਂ 3.11.2014 (60 ਸਾਲ ਦੀ ਉਮਰ ਪੂਰੀ ਹੋਣ ਤੱਕ) ਤੱਕ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

(ਅ) ਸ੍ਰੀ ਜਸਵਿੰਦਰ ਸਿੰਘ, ਰੀਡਰ ਵੱਲੋਂ ਮੁਖੀ ਵਿਭਾਗ ਵਜੋਂ ਜਿੰਮੇਵਾਰੀ ਨਿਭਾਉਣ ਤੋਂ ਅਸਮਰਥਾ ਜਾਹਰ ਕਰਨ ਕਰਕੇ ਡਾ. ਗੁਰਵਿੰਦਰ ਸਿੰਘ, ਰੀਡਰ, ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਵਿਭਾਗ ਨੂੰ ਮਿਤੀ 1.2.2012 ਤੋਂ 30.6.2012 ਤੱਕ ਅਤੇ ਮਿਤੀ 1.7.2012 ਤੋਂ 30.6.2015 ਤੱਕ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

ਡਾ. ਜਗਰੂਪ ਸਿੰਘ ਸੇਖੋਂ, ਪ੍ਰੋਫੈਸਰ, ਪੋਲੀਟੀਕਲ ਸਾਇੰਸ ਵਿਭਾਗ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਕੁਲਦੀਪ ਸਿੰਘ, ਪ੍ਰੋਫੈਸਰ ਅਤੇ ਮੁਖੀ, ਪੋਲੀਟੀਕਲ ਸਾਇੰਸ ਵਿਭਾਗ ਦੇ ਸਬੈਟੀਕਲ ਛੁੱਟੀ ਤੇ ਜਾਣ ਕਾਰਣ ਡਾ. ਜਗਰੂਪ ਸਿੰਘ ਸੇਖੋਂ ਨੂੰ ਮਿਤੀ 1.1.2012 ਤੋਂ 30.6.2012 ਤੱਕ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

ਡਾ. ਪ੍ਰਭਜੀਤ ਸਿੰਘ, ਪ੍ਰੋਫੈਸਰ, ਬਾਇਓ-ਟੈਕਨਾਲੋਜੀ ਵਿਭਾਗ ਦੀ ਸਬੈਟੀਕਲ ਛੁੱਟੀ, ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਅਤੇ ਡਾ. ਗੁਰਚਰਨ ਕੌਰ, ਪ੍ਰੋਫੈਸਰ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਡਾ. ਪ੍ਰਭਜੀਤ ਸਿੰਘ, ਪ੍ਰੋਫੈਸਰ, ਬਾਇਓ-ਟੈਕਨਾਲੋਜੀ ਵਿਭਾਗ ਨੂੰ ਡੀ.ਬੀ.ਟੀ. ਵੱਲੋਂ ਪਰਵਾਨਤ CREST (Cutting-edge Research Enhancement and Scientific Training) ਅਵਾਰਡ ਵਾਸਤੇ Queen's University, Kingston, Ontario, Canada ਵਿਖੇ ਜਾਣ ਲਈ ਮਿਤੀ 19.3.2012 ਤੋਂ 22.3.2013 ਤੱਕ ਪਹਿਲਾਂ ਪਰਵਾਨ ਹੋਈ ਬਿਨ੍ਹਾਂ ਤਨਖਾਹ ਅਸਾਧਾਰਣ ਛੁੱਟੀ ਦੀ ਬਜਾਏ ਨਿਯਮਾਂ ਅਨੁਸਾਰ ਮਿਤੀ 19.3.2012 ਤੋਂ 18.9.2012 ਤੱਕ ਸਬੈਟੀਕਲ ਛੁੱਟੀ ਪੂਰੀ ਤਨਖਾਹ ਤੇ ਅਤੇ ਮਿਤੀ 19.9.2012 ਤੋਂ 22.3.2013 ਤੱਕ ਬਿਨ੍ਹਾਂ ਤਨਖਾਹ ਅਸਾਧਾਰਣ ਛੁੱਟੀ ਪਰਦਾਨ ਕੀਤੀ ਹੈ।

(ਅ) ਡਾ. ਪ੍ਰਭਜੀਤ ਸਿੰਘ, ਪ੍ਰੋਫੈਸਰ, ਬਾਇਓ-ਟੈਕਨਾਲੋਜੀ ਵਿਭਾਗ ਦੀ ਮਿਤੀ 19.3.2012 ਤੋਂ 22.3.2013 ਤੱਕ ਛੁੱਟੀ ਦੌਰਾਨ ਡਾ. ਗੁਰਚਰਨ ਕੌਰ, ਪ੍ਰੋਫੈਸਰ ਨੂੰ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

ਡਾ. ਮੋਹਨ ਪਾਲ ਸਿੰਘ, ਪ੍ਰੋਫੈਸਰ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਨੂੰ ਜੰਮੂ ਯੂਨੀਵਰਸਿਟੀ ਵਿਖੇ ਡੈਪੂਟੇਸ਼ਨ ਤੇ ਉਪ-ਕੁਲਪਤੀ ਵਜੋਂ ਜਾਇਨ ਕਰਨ ਦੀ ਪੁਸ਼ਟੀ।

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਮੋਹਨ ਪਾਲ ਸਿੰਘ, ਪ੍ਰੋਫੈਸਰ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਨੂੰ ਜੰਮੂ ਯੂਨੀਵਰਸਿਟੀ ਵਿਖੇ ਡੈਪੂਟੇਸ਼ਨ ਤੇ ਉਪ-ਕੁਲਪਤੀ ਵਜੋਂ ਜਾਇਨ ਕਰਨ ਹਿਤ ਮਿਤੀ 27.1.2012 ਤੋਂ 3.11.2014 ਤੱਕ ਪਰਵਾਨਗੀ ਦਿੱਤੀ ਹੈ।

ਸਬੰਧਤ ਅਧਿਆਪਕਾਂ ਦੀ ਸਟਡੀ ਲੀਵ ਵਿਚ ਵਾਧੇ ਦੀ ਪੁਸ਼ਟੀ।

9. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸਟੱਡੀ ਲੀਵ ਕੇਸਾਂ 'ਤੇ ਵਿਚਾਰ ਹਿਤ ਗਠਿਤ ਐਡਵਾਈਜ਼ਰੀ ਕਮੇਟੀ ਦੀ ਮਿਤੀ 29.12.2011 ਦੀ ਸਿਫ਼ਾਰਸ਼ ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਸੰਜੀਵ ਅਰੋੜਾ, ਸਹਾਇਕ ਪ੍ਰੋਫੈਸਰ, ਕਾਮਰਸ ਵਿਭਾਗ, ਯੂਨੀਵਰਸਿਟੀ ਕਾਲਜ, ਜਲੰਧਰ ਨੂੰ ਆਈ.ਆਈ.ਟੀ. ਰੁੜਕੀ ਵਿਖੇ ਪੀਐਚ.ਡੀ. ਸਬੰਧੀ ਖੋਜ ਕਾਰਜ ਪੂਰਾ ਕਰਨ ਲਈ ਮਿਤੀ 31.12.2011 ਤੋਂ 30.12.2012 ਤੱਕ ਇੱਕ ਸਾਲ ਲਈ ਪੂਰੀ ਤਨਖਾਹ 'ਤੇ ਸਟੱਡੀ ਲੀਵ ਵਿਚ ਵਾਧੇ ਦੀ ਪਰਵਾਨਗੀ ਦਿੱਤੀ ਹੈ।

(ਅ) ਸਟੱਡੀ ਲੀਵ ਕੇਸਾਂ 'ਤੇ ਵਿਚਾਰ ਹਿਤ ਗਠਿਤ ਐਡਵਾਈਜ਼ਰੀ ਕਮੇਟੀ ਦੀ ਮਿਤੀ 20.1.2012 ਦੀ ਸਿਫ਼ਾਰਸ਼ ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਿਸਿਜ਼ ਰਜਿੰਦਰ ਕੌਰ, ਸਹਾਇਕ ਪ੍ਰੋਫੈਸਰ, ਬੋਟੈਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਨੂੰ ਪੀ.ਐਚ.ਡੀ. ਸਬੰਧੀ ਖੋਜ ਕਾਰਜ ਪੂਰਾ ਕਰਨ ਲਈ ਪਹਿਲੀਆ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਮਿਤੀ 24.1.2012 ਤੋਂ 22.4.2012 ਤੱਕ ਸਟੱਡੀ ਲੀਵ ਵਿਚ ਵਾਧੇ ਦੀ ਪਰਵਾਨਗੀ ਦਿੱਤੀ ਹੈ।

(ੲ) ਸਟੱਡੀ ਲੀਵ ਕੇਸਾਂ ਤੇ ਵਿਚਾਰ ਹਿਤ ਗਠਿਤ ਐਡਵਾਈਜ਼ਰੀ ਕਮੇਟੀ ਦੀ ਮਿਤੀ 14.2.2012 ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਅਮਨਦੀਪ ਸਿੰਘ, ਅਸਿਸਟੈਂਟ ਪ੍ਰੋਫੈਸਰ, ਫਿਜੀਕਲ ਐਜੈਕੇਸ਼ਨ (ਟੀਚਿੰਗ) ਵਿਭਾਗ ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਪ੍ਰੀ-ਪੀ.ਐਚ.ਡੀ. ਕੋਰਸ ਵਰਕ ਕਰਨ ਲਈ ਮਿਤੀ 15.2.2012 ਤੋਂ 14.8.2012 ਤੱਕ ਛੇ ਮਹੀਨੇ ਲਈ ਪੂਰੀ ਤਨਖਾਹ ਤੇ ਸਟੱਡੀ ਲੀਵ ਪਰਦਾਨ ਕੀਤੀ ਹੈ।

ਡਾ. ਸੁਬੋਧ ਕੁਮਾਰ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ ਸਬੈਟੀਕਲ ਛੁੱਟੀ ਦੀ ਪੁਸ਼ਟੀ।

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸੁਬੋਧ ਕੁਮਾਰ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 78 ਉੱਤੇ ਸਟੈਚਿਊਟ 92 ਅਧੀਨ "The literature survey on the new thrust areas" ਸਬੰਧੀ ਮਿਤੀ 10.1.2012 ਤੋਂ 9.7.2012 ਤੱਕ (ਛੇ ਮਹੀਨੇ), ਪੂਰੀ ਤਨਖਾਹ ਤੇ ਸਬੈਟੀਕਲ ਛੁੱਟੀ ਦੀ ਪਰਵਾਨਗੀ ਦਿੱਤੀ ਹੈ।

ਡਾ. (ਮਿਸਿਜ਼) ਊਸ਼ਾ ਕਪੂਰ, ਰੀਡਰ, (ਸੇਵਾ-ਮੁਕਤ) ਯੂਨੀਵਰਸਿਟੀ ਕਾਲਜ, ਜਲੰਧਰ ਦੀ ਓ.ਐਸ.ਡੀ. ਵਜੋਂ ਨਿਯੁਕਤੀ ਦੀ ਪੁਸ਼ਟੀ।

11. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. (ਮਿਸਿਜ਼) ਊਸ਼ਾ ਕਪੂਰ, ਰੀਡਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਨੂੰ ਮਿਤੀ 31.12.2011 ਨੂੰ ਸੇਵਾ-ਮੁਕਤ ਹੋਣ ਉਪਰੰਤ 11 ਮਹੀਨੇ ਲਈ ਜਾਂ ਪ੍ਰਿੰਸੀਪਲ ਦੀ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣਯੋਗ ਬੱਝਵੀਂ ਤਨਖਾਹ ਤੇ ਉਕਤ ਕਾਲਜ ਵਿਖੇ ਬਤੌਰ ਓ.ਐਸ.ਡੀ. ਨਿਯੁਕਤ ਕੀਤਾ ਹੈ।

ਡਾ. ਪਲਵਿੰਦਰ ਸਿੰਘ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ HPLC Mass Spectrometer (Central Facility) ਦੇ ਕੋ-ਆਰਡੀਨੇਟਰ ਵਜੋਂ ਨਿਯੁਕਤੀ ਦੀ ਪੁਸ਼ਟੀ।

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਪਲਵਿੰਦਰ ਸਿੰਘ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ ਮਿਤੀ 23.1.2012 ਤੋਂ HPLC Mass Spectrometer (Central Facility) ਦੇ ਕੋ-ਆਰਡੀਨੇਟਰ ਵਜੋਂ ਨਿਯੁਕਤ ਕੀਤਾ ਹੈ। ਉਹ Installation ਅਤੇ Maintenance ਲਈ ਵੀ ਜਿੰਮੇਵਾਰ ਹੋਣਗੇ ਅਤੇ ਉਨ੍ਹਾਂ ਵਲੋਂ ਇਸ ਸਬੰਧੀ ਸਮੁੱਚੇ ਜਰੂਰੀ ਕੰਮ ਸਬੰਧਤ ਵਿਭਾਗ ਰਾਹੀਂ ਹੀ ਕੀਤੇ ਜਾਣਗੇ।

ਸਬੰਧਤ ਨਿਗਰਾਨਾਂ ਦੀ ਮੁੜ-ਨਿਯੁਕਤੀ ਦੀ ਪੁਸ਼ਟੀ।

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ੍ਰੀ ਗੁਰਬਖਸ਼ ਸਿੰਘ, ਨਿਗਰਾਨ, ਗੁਪਤ ਸ਼ਾਖਾ ਨੂੰ ਮਿਤੀ 29.2.2012 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਣ ਉਪਰੰਤ ਮਿਤੀ 1.3.2012 ਤੋਂ ਪੰਜ ਮਹੀਨਿਆਂ ਲਈ ਕੰਟ੍ਰੈਕਟ ਆਧਾਰ ਤੇ ਮੁੜ-ਨਿਯੁਕਤ ਕੀਤਾ ਹੈ।

(ਅ) ਮਿਸ ਅੰਮ੍ਰਿਤ ਭਾਟੀਆ, ਨਿਗਰਾਨ, ਪ੍ਰੀਖਿਆ ਸ਼ਾਖਾ-2, ਨੂੰ ਮਿਤੀ 29.2.2012 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਣ ਉਪਰੰਤ ਮਿਤੀ 1.3.2012 ਤੋਂ ਪੰਜ ਮਹੀਨਿਆਂ ਲਈ ਕੰਟ੍ਰੈਕਟ ਆਧਾਰ ਤੇ ਮੁੜ-ਨਿਯੁਕਤ ਕੀਤਾ ਹੈ।

ਇਹ ਵੀ **ਪਾਸ ਹੋਇਆ** ਕਿ ਉਕਤ (ੳ) ਅਤੇ (ਅ) ਅਧੀਨ ਮੁੜ-ਨਿਯੁਕਤ ਨਿਗਰਾਨਾਂ ਨੂੰ ਨਿਯਮਾਂ ਅਨੁਸਾਰ ਤਨਖਾਹ ਦੀ ਅਦਾਇਗੀ ਕੀਤੀ ਜਾਵੇਗੀ।

ਸ. ਮਹਿੰਦਰਜੀਤ ਸਿੰਘ, ਆਰਕੀਟੈਕਟ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਬਿਲਡਿੰਗਾਂ ਸਬੰਧੀ ਅਗਵਾਈ/ ਸਲਾਹ ਆਦਿ ਲਈ ਅੰਸ਼ਕਾਲੀ ਆਧਾਰ 'ਤੇ ਨਿਯੁਕਤ ਸ. ਮਹਿੰਦਰਜੀਤ ਸਿੰਘ, ਆਰਕੀਟੈਕਟ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.2.2012 ਤੋਂ 31.1.2013 ਤੱਕ, ਇਕ ਸਾਲ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।

ਸ੍ਰੀ ਹਰੇਸ਼ ਕੁਮਾਰ, ਆਰਚਰੀ ਕੋਚ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਹਰੇਸ਼ ਕੁਮਾਰ, ਆਰਚਰੀ ਕੋਚ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.3.2012 ਦੀ ਬ੍ਰੇਕ ਦੇ ਕੇ ਮਿਤੀ 2.3.2012 ਤੋਂ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ਤੇ ਵਾਧਾ ਕੀਤਾ ਹੈ।

**ਸ੍ਰੀ ਅਸ਼ੋਕ ਕੁਮਾਰ, ਟੈਕਨੀਸ਼ੀਅਨ (ਸੇਵਾ-ਮੁਕਤ), ਮਾਇਕ੍ਰੋਬਿਆਲੋਜੀ ਵਿਭਾਗ ਦੀ ਮੁੜ-ਨਿਯੁਕਤੀ ਵਿਚ ਵਾਧੇ ਦੀ ਪੁਸ਼ਟੀ।**

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਅਸ਼ੋਕ ਕੁਮਾਰ, ਟੈਕਨੀਸ਼ੀਅਨ (ਸੇਵਾ-ਮੁਕਤ) ਮਾਈਕ੍ਰੋਬਿਆਲੋਜੀ ਵਿਭਾਗ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਮਿਤੀ 5.2.2012 ਤੋਂ 7.2.2012 ਤੱਕ ਤਿੰਨ ਦਿਨ ਦੀ ਬ੍ਰੇਕ ਦੇ ਕੇ ਮਿਤੀ 8.2.2012 ਤੋਂ 7.8.2012 ਤੱਕ ਛੇ ਮਹੀਨੇ ਲਈ 8000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ‘ਤੇ ਵਾਧਾ ਕੀਤਾ ਹੈ।ਉਨ੍ਹਾਂ ਦੀ ਨਿਯੁਕਤੀ ਡਿਊਟੀ ਜਾਇਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

**ਸਬੰਧਤ ਕੋਚਾਂ ਦੀ ਨਿਯੁਕਤੀ ਵਿਚ ਵਾਧੇ ਦੀ ਪੁਸ਼ਟੀ।**

17. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ:-

(ੳ) ਸ੍ਰੀ ਮਨਜੀਤ ਸਿੰਘ, ਬਾਸਕਟਬਾਲ ਕੋਚ, ਸਪੋਰਟਸ ਵਿਭਾਗ ਦੀ ਕੰਟਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 5.3.2012 ਤੋਂ ਛੇ ਮਹੀਨਿਆਂ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।

(ਅ) ਸਪੋਰਟਸ ਵਿਭਾਗ ਵਿਖੇ ਕੰਟਰੈਕਟ ਆਧਾਰ ਤੇ ਕੰਮ ਕਰ ਰਹੇ ਹੇਠ ਲਿਖੇ ਕੋਚਾਂ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 5.3.2012 ਤੋਂ ਛੇ ਮਹੀਨਿਆਂ ਲਈ ਜਾਂ ਸਬੰਧਤ ਅਸਾਮੀਆਂ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ:-

1. ਸ੍ਰੀ ਬਲਦੇਵ ਸਿੰਘ, ਸਵੀਮਿੰਗ ਕੋਚ
2. ਸ੍ਰੀ ਜਗਦੀਪ ਸਿੰਘ, ਵਾਲੀਬਾਲ ਕੋਚ
3. ਸ੍ਰੀ ਲਖਵੀਰ ਸਿੰਘ, ਖੋ-ਖੋ/ ਕਬੱਡੀ ਕੋਚ

**ਸ੍ਰੀ ਰਵੀ ਕਾਂਤ, ਸਿਤਾਰ ਅਕੰਪਨਿਸਟ, ਸੰਗੀਤ ਵਿਭਾਗ ਦੀ ਮੁੜ-ਨਿਯੁਕਤੀ ਦੀ ਪਰਵਾਨਗੀ।**

18. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਰਵੀ ਕਾਂਤ, ਸਿਤਾਰ ਅਕੰਪਨਿਸਟ, ਸੰਗੀਤ ਵਿਭਾਗ, ਜੋ ਮਿਤੀ 31.3.2012 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਇੱਕ ਸਾਲ ਲਈ ਕੰਟ੍ਰੈਕਟ ਆਧਾਰ ਤੇ ਮੁੜ ਨਿਯੁਕਤ ਕੀਤਾ ਜਾਂਦਾ ਹੈ।

ਇਹ ਵੀ **ਪਾਸ ਹੋਇਆ** ਕਿ ਸ੍ਰੀ ਰਵੀ ਕਾਂਤ, ਸਿਤਾਰ ਅਕੰਪਨਿਸਟ ਨੂੰ ਨਿਯਮਾਂ ਅਨੁਸਾਰ ਤਨਖਾਹ ਦੀ ਅਦਾਇਗੀ ਕੀਤੀ ਜਾਵੇਗੀ।

**ਮਿਤੀ 1.4.2012 ਤੋਂ 31.3.2013 ਤੱਕ ਅਧਿਆਪਕਾਂ ਨੂੰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

19. ਮਿਤੀ 1.4.2012 ਤੋਂ 31.3.2013 ਤੱਕ, ਇਕ ਸਾਲ ਦੇ ਸਮੇਂ ਲਈ ਅਧਿਆਪਕਾਂ ਨੂੰ ਹੇਠ ਲਿਖੇ ਅਨੁਸਾਰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਤੇ ਵਿਚਾਰ ਹੋਈ:-

| ਲੜੀ ਨੰ: | ਅਹੁਦਾ |
|---|---|
| (ੳ) 1. | ਡੀਨ, ਅਕਾਦਮਿਕ ਮਾਮਲੇ |
| 2. | ਡੀਨ, ਵਿਦਿਆਰਥੀ ਭਲਾਈ |

3. ਡੀਨ, ਅਲੁਮਨੀ ਐਸੋਸੀਏਸ਼ਨ

ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ

4. ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ

ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ

5. ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ

(ਅ) 1. Co-ordinator, Centre for study of Social Exclusion Inclusion Policy
2. ਡਾਇਰੈਕਟਰ, ਹਾਸਪੀਟੈਲਿਟੀ
3. ਡਾਇਰੈਕਟਰ, ਅਕਾਦਮਿਕ ਸਟਾਫ ਕਾਲਜ
4. Director, AIS Centre
5. Director, Department of Life-Long Learning
6. ਡਾਇਰੈਕਟਰ, ਰਿਸਰਚ
7. ਡਾਇਰੈਕਟਰ, ਡਿਸਟੈਂਸ ਐਜੂਕੇਸ਼ਨ
8. ਕੋਆਰਡੀਨੇਟਰ, ਐਜੂਸੈਟ
9. ਪ੍ਰੋਫੈਸਰ ਇੰਚਾਰਜ਼, ਵਿਤ ਤੇ ਵਿਕਾਸ
10. Co-ordinator, University Industry Linkage Programme
11. Nodel Officer, IPRs Cell
12. ਪ੍ਰੋਫੈਸਰ ਇੰਚਾਰਜ਼ (ਪਬਲਿਕ ਰਿਲੇਸ਼ਨਜ਼)
13. ਪ੍ਰੋਫੈਸਰ ਇੰਚਾਰਜ਼ (ਪਬਲੀਕੇਸ਼ਨ ਬਿਊਰੋ)
14. ਡੀਨ, ਕਾਲਜ ਵਿਕਾਸ ਕੌਂਸਿਲ
15. ਡਾਇਰੈਕਟਰ, ਗੁਰੂ ਨਾਨਕ ਸਟੱਡੀ ਸੈਂਟਰ
16. Professor Incharge (Central Time-Table Grading System)
17. ਰੀਡਰ, ਅਕਾਦਮਿਕ ਸਟਾਫ ਕਾਲਜ
18. ਪ੍ਰੋਫੈਸਰ ਇੰਚਾਰਜ਼, ਹੈਰੀਟੇਜ ਮਿਊਜ਼ਿਅਮ
19. Co-ordinator, HPLC Mass Spectrometer (Central Facility)

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ1:- ਡਾ. ਆਰ.ਕੇ. ਮਹਾਜਨ ਨੂੰ ਪ੍ਰੋਫੈਸਰ ਇੰਚਾਰਜ਼ (ਪ੍ਰੀਖਿਆਵਾਂ) ਵਜੋਂ ਅਗਲੇ ਆਦੇਸ਼ਾਂ ਤੱਕ ਨਿਯੁਕਤ ਕੀਤਾ ਗਿਆ ਹੈ।

ਨੋਟ 2:- ਹੇਠ ਲਿਖੇ ਕੈਂਪਸਾਂ/ ਕਾਲਜਾਂ ਵਿਖੇ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ **ਡਾ. ਐਮ.ਐਸ. ਹੁੰਦਲ** ਨੂੰ **ਇੰਚਾਰਜ਼** ਨਿਯੁਕਤ ਕੀਤਾ ਗਿਆ ਸੀ:-

| | |
|---|---|
| (i) ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ, ਕਪੂਰਥਲਾ। | 31.3.2012 ਤੱਕ |
| (ii) ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ | ਅਗਲੇ ਆਦੇਸ਼ਾਂ ਤੱਕ |
| (iii)ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸੁਲਤਾਨਪੁਰ ਲੋਧੀ, ਪਿੰਡ ਫੱਤੂ ਢੀਂਗਾ | ਅਗਲੇ ਆਦੇਸ਼ਾਂ ਤੱਕ |
| (iv) ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ | 31.3.2012 ਤੱਕ |

| | |
|---|---|
| (v) ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਯੂਨੀਵਰਸਿਟੀ ਕਾਲਜ, ਨਿਆੜੀ, ਜਿਲ੍ਹਾ ਗੁਰਦਾਸਪੁਰ | 31.3.2012 ਤੱਕ |
| (vi) ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ, ਜਿਲ੍ਹਾ ਤਰਨ ਤਾਰਨ | 31.3.2012 ਤੱਕ |
| (vii) ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ, ਜਿਲ੍ਹਾ ਗੁਰਦਾਸਪੁਰ | 31.3.2012 ਤੱਕ |
| (viii) ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਜਿਲ੍ਹਾ ਅੰਮ੍ਰਿਤਸਰ | 31.3.2012 ਤੱਕ |

**ਪਾਸ ਹੋਇਆ** ਕਿ ਮਿਤੀ 1.4.2012 ਤੋਂ 31.3.2013 ਤੱਕ, ਇਕ ਸਾਲ ਦੇ ਸਮੇਂ ਲਈ ਅਧਿਆਪਕਾਂ ਨੂੰ ਉਕਤ ਅਨੁਸਾਰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਵੱਖ-ਵੱਖ ਕਮੇਟੀਆਂ/ ਬੋਰਡ ਸੰਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।

20. ਮਿਤੀ 1.4.2012 ਤੋਂ 31.3.2013 ਤੱਕ ਦੇ ਸਮੇਂ ਲਈ ਹੇਠ ਲਿਖੀਆਂ ਵੱਖ-ਵੱਖ ਕਮੇਟੀਆਂ/ਬੋਰਡ ਸੰਗਠਿਤ ਕਰਨ ਤੇ ਵਿਚਾਰ ਹੋਈ:-

1. ਪਲਾਨਿੰਗ ਬੋਰਡ
2. ਪਬਲੀਕੇਸ਼ਨ ਕਮੇਟੀ
3. ਕੈਂਪਸ ਕਮੇਟੀ
4. ਮੈਡੀਕਲ /ਹੈਲਥ ਕਮੇਟੀ
5. ਫਾਰਮ ਐਂਡ ਲੈਂਡ ਸਕੇਪ ਕਮੇਟੀ
6. ਕਲਚਰਲ ਕਮੇਟੀ
7. ਵਿਦੇਸ਼ੀ ਵਿਦਿਆਰਥੀ ਐਡਵਾਇਜ਼ਰੀ ਕਮੇਟੀ

ਰਿਜਨਲ ਕੈਂਪਸ, ਜਲੰਧਰ

1. ਅਨੁਸ਼ਾਸਨੀ ਕਮੇਟੀ
2. ਕੈਂਪਸ ਕਮੇਟੀ
3. ਮੈਸ ਅਤੇ ਕੰਟੀਨ ਕਮੇਟੀ
4. ਕਲਚਰਲ ਕਮੇਟੀ

ਰਿਜਨਲ ਕੈਂਪਸ, ਗੁਰਦਾਸਪੁਰ

1. ਅਨੁਸ਼ਾਸਨੀ ਕਮੇਟੀ
2. ਕੈਂਪਸ ਕਮੇਟੀ
3. ਮੈਸ ਅਤੇ ਕੰਟੀਨ ਕਮੇਟੀ
4. ਕਲਚਰਲ ਕਮੇਟੀ

**ਪਾਸ ਹੋਇਆ ਕਿ** ਮਿਤੀ 1.4.2012 ਤੋਂ 31.3.2013 ਤੱਕ ਦੇ ਸਮੇਂ ਲਈ ਉਕਤ ਅਨੁਸਾਰ ਵੱਖ-ਵੱਖ ਕਮੇਟੀਆਂ/ਬੋਰਡ ਸੰਗਠਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਯੂਨੀਵਰਸਿਟੀ ਪ੍ਰੀਖਿਆਵਾਂ ਸਬੰਧੀ ਅਣ-ਉਚਿਤ ਸਾਧਨਾਂ ਅਤੇ ਦੁਰ-ਵਿਹਾਰ ਦੇ ਕੇਸਾਂ ਦਾ ਨਿਪਟਾਰਾ ਕਰਨ ਲਈ ਸਟੈਂਡਿੰਗ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।

21. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਧਿਆਦੇਸ਼ 3.1, ਪੰਨਾ 82, ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ਅਨੁਸਾਰ ਮਿਤੀ 1.4.2012 ਤੋਂ 31.3.2013 ਤੱਕ, ਇਕ ਸਾਲ ਲਈ ਯੂਨੀਵਰਸਿਟੀ ਪ੍ਰੀਖਿਆਵਾਂ ਸਬੰਧੀ ਅਣ-ਉਚਿਤ ਸਾਧਨਾਂ ਅਤੇ ਦੁਰ-ਵਿਹਾਰ ਦੇ ਕੇਸਾਂ ਦਾ ਨਿਪਟਾਰਾ ਕਰਨ ਵਾਲੀ ਸਟੈਂਡਿੰਗ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਡਿਸਟੈਂਸ ਐਜੂਕੇਸ਼ਨ ਅਧੀਨ ਸੈਸ਼ਨ 2011-12 ਲਈ ਸਥਾਪਿਤ ਕੀਤੇ ਐਸੋਸੀਏਟ ਇੰਸਟੀਚਿਊਟ ਅਤੇ ਉਨ੍ਹਾਂ ਨੂੰ ਅਲਾਟ ਕੀਤੇ ਕੋਰਸਾਂ ਦੀ ਪਰਵਾਨਗੀ।

22. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਓਪਰੰਤ

**ਪਾਸ ਹੋਇਆ** ਕਿ ਡਿਸਟੈਂਸ ਐਜੂਕੇਸ਼ਨ ਅਧੀਨ ਸੈਸ਼ਨ 2011-12 ਲਈ ਸਥਾਪਿਤ ਕੀਤੇ ਐਸੋਸੀਏਟ ਇੰਸਟੀਚਿਊਟ ਅਤੇ ਉਨ੍ਹਾਂ ਨੂੰ ਅਲਾਟ ਕੀਤੇ ਕੋਰਸਾਂ (**ਅੰਤਿਕਾ** ਅਨੁਸਾਰ) ਦੀ ਪਰਵਾਨਗੀ ਦਿੱਤੀ ਜਾਦੀ ਹੈ।

ਕੇ.ਸੀ. ਕਾਲਜ ਆਫ ਐਜੂਕੇਸ਼ਨ, ਨਵਾਂ ਸ਼ਹਿਰ ਨੂੰ ਪੱਕੀ ਸਬੰਧਤਾ ਪਰਦਾਨ ਕੀਤੀ ਗਈ।

23. ਨਿਰੀਖਣ ਕਮੇਟੀ ਦੀ ਰਿਪੋਰਟ ਮਿਤੀ 6.12.2011 (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਕੇ.ਸੀ. ਕਾਲਜ ਆਫ ਐਜੂਕੇਸ਼ਨ, ਨਵਾਂ ਸ਼ਹਿਰ ਨੂੰ ਪੱਕੀ ਸਬੰਧਿਤਾ ਪਰਦਾਨ ਕੀਤੀ ਜਾਂਦੀ ਹੈ।

ਵਾਪਸ ਲਈ ਗਈ ਮੱਦ।

24. ਹੇਠ ਲਿਖੀ ਮੱਦ ਵਾਪਸ ਲਈ ਗਈ:-

"ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨੀ ਜਿਸ ਰਾਹੀਂ ਉਨ੍ਹਾਂ ਨੇ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਸਬੰਧਤ ਪਾਠ ਸਿੱਖਿਆ ਬੋਰਡ ਅਤੇ ਡੀਨ, ਫੈਕਲਟੀ ਦੀ ਸਿਫਾਰਸ਼ ਅਨੁਸਾਰ ਐਮ.ਏ. ਪੁਲਿਸ ਐਡਮਨਿਸਟ੍ਰੇਸ਼ਨ (ਸਮੈਸਟਰ ਸਿਸਟਮ) ਦੇ ਅਧਿਆਦੇਸ਼ (**ਅੰਤਿਕਾ** ਅਨੁਸਾਰ) ਸੈਸ਼ਨ 2011-12 ਤੋਂ ਲਾਗੂ ਕਰਨ ਦੀ ਪਰਵਾਨਗੀ ਦਿੱਤੀ ਹੈ।"

+2 ਦੀ ਪ੍ਰੀਖਿਆ ਵਿਚ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਸਾਲ 2012 ਵਿਚ ਬੈਚੂਲਰ ਕੋਰਸਾਂ ਦੇ ਭਾਗ ਪਹਿਲਾ ਦੀ ਪ੍ਰੀਖਿਆ ਦੇਣ ਦੀ ਆਗਿਆ ਦੀ ਸੋਧ ਸਹਿਤ ਪੁਸ਼ਟੀ।

25. ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਸਿੰਡੀਕੇਟ ਦੀ ਇੱਕਤਰਤਾ ਮਿਤੀ 23.6.2010 ਦੇ ਪੈਰਾ 1(49) ਦੇ ਆਧਾਰ ਤੇ +2 ਦੀ ਪ੍ਰੀਖਿਆ ਵਿਚ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਅਪ੍ਰੈਲ 2012 ਵਿਚ ਬੀ.ਏ. ਭਾਗ ਪਹਿਲਾ ਦੀ ਪ੍ਰਾਈਵੇਟ ਤੌਰ ਤੇ ਪ੍ਰੀਖਿਆ ਦੇਣ ਦੀ ਆਗਿਆ ਦਿੱਤੀ ਹੈ, ਪ੍ਰੰਤੂ ਉਨ੍ਹਾਂ ਨੂੰ ਰੋਲ ਨੰਬਰ ਤਾਂ ਹੀ ਜਾਰੀ ਕੀਤਾ ਜਾਵੇਗਾ ਜੇਕਰ ਉਹ ਦਸੰਬਰ 2011 ਤੱਕ ਆਪਣੀ ਕੰਪਾਰਟਮੈਂਟ ਕਲੀਅਰ ਕਰਨਗੇ।

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਉਕਤ ਆਦੇਸ਼ਾਂ ਦੀ ਪੁਸ਼ਟੀ ਇਸ ਸੋਧ ਸਹਿਤ ਕੀਤੀ ਜਾਂਦੀ ਹੈ ਕਿ +2 ਦੀ

ਪ੍ਰੀਖਿਆ ਵਿਚ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਸਾਲ 2012 ਤੋਂ ਬੈਚੂਲਰ ਕੋਰਸਾਂ ਦੇ ਭਾਗ ਪਹਿਲਾ ਦੀ ਪ੍ਰੀਖਿਆ ਦੇਣ ਦੀ ਆਗਿਆ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਉਹਨਾਂ ਨੂੰ +2 ਦੀ ਕੰਪਾਰਟਮੈਂਟ ਵਿਚੋਂ ਪਾਸ ਹੋਣ ਦਾ ਸਬੂਤ ਨਤੀਜਾ ਨਿਕਲਣ ਦੀ ਮਿਤੀ ਤੋਂ 10 ਦਿਨ ਬਾਅਦ ਤੱਕ ਪੇਸ਼ ਕਰਨਾ ਜਰੂਰੀ ਹੋਵੇਗਾ ਤਾਂ ਜੋ ਪ੍ਰੀਖਿਆ ਵਿਚ ਪ੍ਰਵੇਸ਼ ਕਰਨ ਲਈ ਪਾਤਰਤਾ ਉਪਰੰਤ ਰੋਲ ਨੰਬਰ ਜਾਰੀ ਕੀਤਾ ਜਾ ਸਕੇ।

**ਕੈਰੀ ਆਨ ਸਿਸਟਮ ਅਧੀਨ 8ਵੇਂ ਸਮੈਸਟਰ ਵਿਚ ਵਿਦਿਆਰਥੀਆਂ ਦੇ ਦਾਖਲੇ ਦੀ ਪੁਸ਼ਟੀ।**

26. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਦਾਖਲ ਰਿਟ ਪਟੀਸ਼ਨ ਨੰ: 255 of 2012, 365 of 2012, 1573 of 2012 ਅਤੇ 1644 of 2012 ਨੂੰ ਮੁੱਖ ਰੱਖਦਿਆਂ ਕੈਰੀ ਆਨ ਸਿਸਟਮ ਅਧੀਨ ਅਜਿਹੇ ਕੇਸਾਂ ਵਿਚ 8ਵੇਂ ਸਮੈਸਟਰ ਵਿਚ ਵਿਦਿਆਰਥੀਆਂ ਦਾ ਸੈਸ਼ਨ 2011-12 ਲਈ one time measure ਦੇ ਤੌਰ ਤੇ ਦਾਖਲਾ ਪਰਵਾਨ ਕੀਤਾ ਹੈ।

**ਸਬੰਧਤ ਵਿਦਿਆਰਥੀਆਂ ਨੂੰ 38ਵੀਂ ਕਨਵੋਕੇਸ਼ਨ ਤੇ ਡਿਗਰੀਆਂ ਪਰਦਾਨ ਕਰਨ ਦੀ ਪੁਸ਼ਟੀ।**

27. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਵਿਦਿਆਰਥੀ, ਜਿਨ੍ਹਾਂ ਦਾ ਨਤੀਜਾ ਸਿੰਡੀਕੇਟ ਦੁਆਰਾ ਡਿਗਰੀਆਂ ਪਰਦਾਨ ਕਰਨ ਲਈ ਨਿਰਧਾਰਤ ਮਿਤੀ (ਭਾਵ 22.12.2011) ਤੋਂ ਬਾਅਦ ਘੋਸ਼ਿਤ ਕੀਤਾ ਗਿਆ, ਨੂੰ ਯੂਨੀਵਰਸਿਟੀ ਦੀ 38ਵੀਂ ਸਲਾਨਾ ਕਨਵੋਕੇਸ਼ਨ ਤੇ ਡਿਗਰੀਆਂ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਕਲਾਸ | | ਨਤੀਜਾ ਨਿਕਲਣ ਦੀ ਮਿਤੀ |
|---|---|---|---|
| 1. | MCA(FY & SMIC), ਸਮੈਸਟਰ XI | ਪਹਿਲੀਆਂ ਤਿੰਨ ਪੁਜੀਸ਼ਨਾਂ | 12.1.2012 |
| 2. | ਐਲ.ਐਲ.ਬੀ. (ਪੰਜ ਸਾਲਾ ਕੋਰਸ) ਸਲਾਨਾ ਸਿਸਟਮ | ਲਕਸ਼ਮੀ ਸੋਨੀ, ਰੋਲ ਨੰ: 74506 | 25.1.2012 |
| 3. | ਐਮ.ਐਸ.ਸੀ. (ਫੂਡ ਟੈਕਨਾਲੋਜੀ) ਸਮੈਸਟਰ ਚੌਥਾ | ਸ਼ਿਖਾ ਦਾਵਰ, ਰੋਲ ਨੰ: 890398 | 24.1.2012 |

**ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਦੇ ਬੀ.ਏ. ਦੇ ਵਿਦਿਆਰਥੀਆਂ ਦਾ ਇਕ ਵਿਸ਼ੇ ਦਾ ਇਮਤਿਹਾਨ ਵਿਸ਼ੇਸ਼ ਤੌਰ ਤੇ ਕਰਵਾਉਣ ਦੀ ਪਰਵਾਨਗੀ।**

28. ਪ੍ਰਿੰਸੀਪਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਦੀ ਬੇਨਤੀ ਨੂੰ ਮੁੱਖ ਰੱਖਦਿਆਂ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2011-12 ਦੌਰਾਨ ਉਕਤ ਕਾਲਜ ਵਿਖੇ ਬੀ.ਏ. ਭਾਗ ਪਹਿਲਾ ਵਿਚ ਜਿਨ੍ਹਾਂ ਵਿਦਿਆਰਥੀਆਂ ਨੇ ਇਕ ਹੀ ਗਰੁੱਪ ਵਿਚੋਂ ਦੋ ਵਿਸ਼ੇ- ਹਿਸਟਰੀ ਅਤੇ ਸਾਈਕਾਲੋਜੀ ਇੱਕਠੇ ਲਏ ਹਨ, ਉਨ੍ਹਾਂ ਵਿਚੋਂ ਇਕ ਵਿਸ਼ੇ ਦਾ ਇਮਤਿਹਾਨ ਵਿਸ਼ੇਸ਼ ਤੌਰ ਤੇ ਵਖਰਾ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਅਤੇ ਉਸ ਵਿਸ਼ੇ ਦਾ ਬੀ.ਏ. ਭਾਗ ਦੂਜਾ ਅਤੇ ਤੀਜਾ ਵਿਚ ਵੀ ਇਮਤਿਹਾਨ ਵਖਰਾ ਹੀ ਲੈਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਪੇਪਰ ਸੈਟਿੰਗ, ਪ੍ਰੈਕਟੀਕਲ ਪ੍ਰੀਖਿਅਕਾਂ, ਲੈਬ ਸਟਾਫ ਅਤੇ ਉੱਤਰ ਪੱਤਰੀਆਂ ਦੇ ਮੁਲਾਂਕਣ ਦੀ ਅਦਾਇਗੀ ਦੀ ਪਰਵਾਨਗੀ।**

29. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਸਮੈਸਟਰ ਪ੍ਰਣਾਲੀ ਸ਼ੁਰੂ ਹੋਣ ਕਾਰਣ ਪ੍ਰੀਖਿਆਵਾਂ ਦੇ ਕੰਮ ਵਿਚ ਹੋਣ ਵਾਲੇ ਵਾਧੇ ਅਤੇ ਸਮੇਂ ਸਿਰ ਕੰਮ ਨਿਪਟਾਉਣ ਲਈ ਪ੍ਰੀਖਿਆਵਾਂ ਨਾਲ ਸਬੰਧਤ ਪੇਪਰ ਸੈਟਿੰਗ, ਪ੍ਰੈਕਟੀਕਲ ਪ੍ਰੀਖਿਅਕਾਂ, ਲੈਬ ਸਟਾਫ ਅਤੇ ਉੱਤਰ ਪੱਤਰੀਆਂ ਦੇ ਮੁਲਾਂਕਣ ਦੇ ਮਾਣ ਭੱਤੇ ਦੀ ਅਦਾਇਗੀਆਂ ਦੇ ਬਿਲ ਸੈਲਰੀ ਬਿਲਾਂ ਦੀ ਤਰ੍ਹਾਂ ਆਡਿਟ ਦੀ ਬਜਾਏ ਸਿੱਧੇ ਤੌਰ ਤੇ ਯੂਨੀਵਰਸਿਟੀ ਲੇਖਾ ਸ਼ਾਖਾ ਦੇ ਨਿਗਰਾਨ ਅਤੇ ਸਹਾਇਕ ਰਜਿਸਟਰਾਰ ਜਾਂ ਡਿਪਟੀ ਰਜਿਸਟਰਾਰ ਜਾਂ ਪ੍ਰੋਫੈਸਰ ਇੰਚਾਰਜ਼, ਵਿੱਤ ਤੇ ਵਿਕਾਸ ਅਫਸਰ ਵੱਲੋਂ ਸਿੱਧੇ ਤੌਰ ਤੇ ਪਾਸ ਕੀਤੇ ਜਾਣ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

ਨੋਟ1:- ਸਾਲ 2011-12 ਤੋਂ ਇਸ ਯੂਨੀਵਰਸਿਟੀ ਵਿਖੇ ਪੋਸਟ-ਗ੍ਰੈਜੂਏਟ ਕੋਰਸਾਂ ਲਈ ਸਮੈਸਟਰ ਸਿਸਟਮ ਸ਼ੁਰੂ ਕੀਤਾ ਗਿਆ ਹੈ, ਜਦਕਿ ਅਗਲੇ ਸਾਲ (2012-13) ਤੋਂ ਅੰਡਰ-ਗ੍ਰੈਜੂਏਟ ਕੋਰਸ ਵੀ ਸਲਾਨਾ ਸਿਸਟਮ ਤੋਂ ਸਮੈਸਟਰ ਸਿਸਟਮ ਵਿਚ ਤਬਦੀਲ ਹੋ ਜਾਣਗੇ। ਇਸ ਤਰ੍ਹਾਂ ਸਾਲ ਵਿਚ ਦੋ ਵਾਰੀ ਇਮਤਿਹਾਨਾਂ ਦਾ ਸੰਚਾਲਣ ਕਰਨਾ ਹੋਵੇਗਾ, ਜਿਸ ਦੀ ਵਜਾ ਨਾਲ ਪ੍ਰੀਖਿਆਵਾਂ ਦੇ ਕੰਮ ਵਿਚ ਸੁਭਾਵਿਕ ਰੂਪ ਵਿਚ ਵਾਧਾ ਹੋਵੇਗਾ। ਪ੍ਰੀਖਿਆਰਥੀਆਂ ਦੀ ਲਿਖਤੀ ਅਤੇ ਪ੍ਰੈਕਟੀਕਲ ਪ੍ਰੀਖਿਆਵਾਂ ਕਰਵਾਉਣ, ਪੇਪਰ ਸੈਟਿੰਗ, ਮੁਲਾਂਕਣ ਦਾ ਕੰਮ ਕਰਵਾਉਣ ਅਤੇ ਨਤੀਜੇ ਸਮੇਂ ਸਿਰ ਘੋਸ਼ਿਤ ਕਰਵਾਉਣ ਹਿੱਤ ਟੀਚਿੰਗ ਅਤੇ ਹੋਰ ਸਬੰਧਤ ਅਮਲੇ ਦਾ ਸਹਿਯੋਗ ਜਰੂਰੀ ਹੋਵੇਗਾ।

ਪ੍ਰੀਖਿਆਵਾਂ ਨਾਲ ਸਬੰਧਤ ਕਈ ਕੰਮ ਬਾਹਰਲੀ ਯੂਨੀਵਰਸਿਟੀਆਂ ਅਤੇ ਯੂਨੀਵਰਸਿਟੀ ਦੀ ਹਦੂਦ ਤੇ ਬਾਹਰਲੇ ਅਧਿਆਪਕ ਸਾਹਿਬਾਨ ਵੱਲੋਂ ਵੀ ਕਰਵਾਇਆ ਜਾਂਦਾ ਹੈ। ਇਨ੍ਹਾਂ ਅਧਿਕਾਰੀਆਂ ਪਾਸ ਜੱਦ ਅਗਲੇ ਸਮੈਸਟਰ ਦੀ ਪ੍ਰੀਖਿਆ ਨਾਲ ਸਬੰਧਤ ਕੰਮ ਕਰਵਾਉਣ ਲਈ ਪਹੁੰਚ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਵੱਲੋਂ ਪਿਛਲੀ ਪ੍ਰੀਖਿਆ ਦੇ ਮਾਨ-ਭੱਤੇ ਦੀ ਅਦਾਇਗੀ ਦੀ ਮੰਗ ਕੀਤੀ ਜਾਂਦੀ ਹੈ। ਪ੍ਰੀਖਿਆ ਪ੍ਰਣਾਲੀ ਵਿਚ ਹੋਣ ਵਾਲੀ ਤਬਦੀਲੀ ਨੂੰ ਸਾਹਮਣੇ ਰੱਖਦਿਆਂ ਹੋਇਆਂ ਇਹ ਜਰੂਰੀ ਹੈ ਕਿ ਪ੍ਰੀਖਿਆਵਾਂ ਦੇ ਮਾਨ-ਭੱਤੇ ਦੀ ਅਦਾਇਗੀ ਦੇ ਕੰਮ ਵਿਚ ਹੋਰ ਨਿਪੁਨਤਾ ਲਿਆਂਦੀ ਜਾਵੇ।

ਨੋਟ2:- ਮੁੜ-ਮੁਲੰਕਣ, ਡੀ-ਕੋਡਿੰਗ, ਸਕਰੂਟਨੀ, ਮੁਲੰਕਣ ਕੇਂਦਰ/ ਸੈਲ ਸਟਾਫ, ਕੰਟਰੋਲਰ/ ਸੁਪਰਵਾਈਜ਼ਰੀ ਸਟਾਫ ਦੀ ਅਦਾਇਗੀ ਦੇ ਬਿੱਲ ਅਡਿਟ ਪਾਸ ਪੇਸ਼ ਕੀਤੇ ਜਾਣਗੇ।

**ਪਾਸ ਹੋਇਆ** ਕਿ ਸਮੈਸਟਰ ਪ੍ਰਣਾਲੀ ਸ਼ੁਰੂ ਹੋਣ ਕਾਰਣ ਪ੍ਰੀਖਿਆਵਾਂ ਦੇ ਕੰਮ ਵਿਚ ਹੋਣ ਵਾਲੇ ਵਾਧੇ ਅਤੇ ਸਮੇਂ ਸਿਰ ਕੰਮ ਨਿਪਟਾਉਣ ਲਈ ਪ੍ਰੀਖਿਆਵਾਂ ਨਾਲ ਸਬੰਧਤ ਪੇਪਰ ਸੈਟਿੰਗ, ਪ੍ਰੈਕਟੀਕਲ ਪ੍ਰੀਖਿਅਕਾਂ, ਲੈਬ ਸਟਾਫ ਅਤੇ ਉੱਤਰ ਪੱਤਰੀਆਂ ਦੇ ਮੁਲਾਂਕਣ ਦੇ ਮਾਣ ਭੱਤੇ ਦੀ ਅਦਾਇਗੀਆਂ ਦੇ ਬਿਲ ਸੈਲਰੀ ਬਿਲਾਂ ਦੀ ਤਰ੍ਹਾਂ ਆਡਿਟ ਦੀ ਬਜਾਏ ਸਿੱਧੇ ਤੌਰ ਤੇ ਯੂਨੀਵਰਸਿਟੀ ਲੇਖਾ ਸ਼ਾਖਾ ਦੇ ਨਿਗਰਾਨ ਅਤੇ ਸਹਾਇਕ ਰਜਿਸਟਰਾਰ ਜਾਂ ਡਿਪਟੀ ਰਜਿਸਟਰਾਰ ਜਾਂ ਪ੍ਰੋਫੈਸਰ ਇੰਚਾਰਜ਼, ਵਿੱਤ ਤੇ ਵਿਕਾਸ ਅਫਸਰ ਵੱਲੋਂ ਸਿੱਧੇ ਤੌਰ ਤੇ ਪਾਸ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**B.Tech.(Computer Engineering) ਅਤੇ M.Tech.(Software Systems ) ਦੇ ਅਧਿਆਦੇਸ਼ਾਂ ਦੀ ਪਰਵਾਨਗੀ।**

30. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਬੰਧਤ ਬੋਰਡ ਆਫ ਕੰਟਰੋਲ ਅਤੇ ਡੀਨ, ਫੈਕਲਟੀ ਦੀ ਸਿਫਾਰਸ਼ (**ਅੰਤਿਕਾ**) ਅਨੁਸਾਰ ਸੈਸ਼ਨ 2011-12 ਤੋਂ

B.Tech.(Computer Engineering) ਅਤੇ M.Tech.(Software Systems) ਦੇ ਅਧਿਆਦੇਸ਼ ਲਾਗੂ ਕਰਨ ਦੀ ਪਰਵਾਨਗੀ ਦਿੱਤੀ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਅੰਮ੍ਰਿਤਸਰ ਵਿਖੇ ਨਵੇਂ ਕੋਰਸ ਸ਼ੁਰੂ ਕਰਨ ਦੀ ਪੁਸ਼ਟੀ।

31. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਅੰਮ੍ਰਿਤਸਰ ਵਿਖੇ ਸੈਸ਼ਨ 2012-13 ਤੋਂ ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨ ਅਤੇ ਬੀ.ਐਸ.ਸੀ. (ਫੈਸ਼ਨ ਡਿਜਾਈਨਿੰਗ) ਕੋਰਸ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਹੈ।

ਸਬੰਧਤ ਕੈਂਪਸ/ਕਾਲਜ ਵਿਖੇ ਨਵੇਂ ਕੋਰਸ ਸ਼ੁਰੂ ਕਰਨ ਦੀ ਪਰਵਾਨਗੀ।

32. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਕੈਂਪਸ/ਕਾਲਜ ਵਿਖੇ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਸੈਸ਼ਨ 2012-13 ਤੋਂ ਕੋਰਸ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| | ਕੈਂਪਸ/ਕਾਲਜ ਦਾ ਨਾਮ | ਕੋਰਸ ਦਾ ਨਾਮ |
|---|---|---|
| 1. | ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ | 1. ਬੀ.ਏ. (ਇਕਨਾਮਿਕਸ), ਭਾਗ ਪਹਿਲਾ |
| 2. | ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ, ਤਰਨ ਤਾਰਨ | 1. ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨ<br>2. ਬੀ.ਐਸ.ਸੀ. (ਫੈਸ਼ਨ ਡਿਜਾਈਨਿੰਗ) |

ਸਰਕਾਰੀ ਆਰਟਸ ਐਂਡ ਸਪੋਰਟਸ (ਕੋ-ਐਜੂਕੇਸ਼ਨ) ਕਾਲਜ, ਜਲੰਧਰ ਦਾ ਨਾਮ ਬਦਲਣ ਦੀ ਪਰਵਾਨਗੀ।

33. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ ਵੱਲੋਂ ਜਾਰੀ ਪੱਤਰ ਨੰ: 13/33/02-6ਸਿ1/11308 ਮਿਤੀ 20.5.2005 (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਸਰਕਾਰੀ ਆਰਟਸ ਐਂਡ ਸਪੋਰਟਸ (ਕੋ-ਐਜੂਕੇਸ਼ਨ) ਕਾਲਜ, ਜਲੰਧਰ ਦਾ ਨਾਮ ਬਦਲ ਕੇ ਸਰਕਾਰੀ ਆਰਟਸ ਐਂਡ ਸਪੋਰਟਸ ਕਾਲਜ, ਜਲੰਧਰ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਪੀ.ਜੀ.ਡੀ.ਸੀ.ਏ. (ਟੀਚਰ ਐਜੂਕੇਸ਼ਨ) ਦੇ ਅਧਿਆਦੇਸ਼ਾਂ ਵਿਚ ਸੋਧ।

34. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਪਰਸਨ ਅਤੇ ਡੀਨ, ਫੈਕਲਟੀ ਦੇ ਸੁਝਾਅ ਅਨੁਸਾਰ ਸੈਸ਼ਨ 2011-12 ਤੋਂ ਪੀ.ਜੀ.ਡੀ.ਸੀ.ਏ. (ਟੀਚਰ ਐਜੂਕੇਸ਼ਨ) ਦੇ ਅਧਿਆਦੇਸ਼ ਵਿਚ ਹੇਠ ਲਿਖੇ ਅਨੁਸਾਰ ਸੋਧ ਦੀ ਪਰਵਾਨਗੀ ਦਿੱਤੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

1. ਥਿਊਰੀ ਅਤੇ ਪ੍ਰੈਕਟੀਕਲ ਵਿਚੋਂ 35% ਅਤੇ ਪ੍ਰੋਜੈਕਟ ਰਿਪੋਰਟ ਵਿਚੋਂ 50% ਅੰਕ ਪਾਸ ਹੋਣ ਲਈ ਜਰੂਰੀ ਹਨ।

2. ਪ੍ਰੋਜੈਕਟ ਰਿਪੋਰਟਾਂ ਹਰ ਸਾਲ ਥਿਊਰੀ ਦੀਆਂ ਲਿਖਤੀ ਪ੍ਰੀਖਿਆਵਾਂ ਖਤਮ ਹੋਣ ਤੋਂ ਬਾਅਦ ਇਕ ਮਹੀਨੇ ਦੇ ਅੰਦਰ-ਅੰਦਰ ਜਮ੍ਹਾਂ ਹੋਣਗੀਆਂ।
3. ਪ੍ਰੋਜੈਕਟ ਰਿਪੋਰਟ ਦਾ ਮੁਲਾਂਕਣ ਕਰਨ ਲਈ ਬਾਹਰੀ ਪ੍ਰੀਖਿਅਕ ਦੀ ਨਿਯੁਕਤੀ ਕੀਤੀ ਜਾਵੇ।

ਡੁਪਲੀਕੇਟਿੰਗ ਮਸ਼ੀਨ ਓਪਰੇਟਰ-ਕਮ-ਰਿਸਟੋਰਰ-ਕਮ-ਦਫਤਰੀ/ ਸੀ ਕਲਾਸ ਕਰਮਚਾਰੀਆਂ ਦਾ ਟਾਈਪ ਟੈਸਟ ਖਤਮ ਕਰਨ ਅਤੇ ਰੈਗੂਲੇਸ਼ਨਜ਼ ਵਿਚ ਸੋਧ ਦੀ ਪਰਵਾਨਗੀ।

35. ਇਸ ਯੂਨੀਵਰਸਿਟੀ ਵਿਖੇ ਡੁਪਲੀਕੇਟਿੰਗ ਮਸ਼ੀਨ ਓਪਰੇਟਰ-ਕਮ-ਰਿਸਟੋਰਰ-ਕਮ-ਦਫਤਰੀ/ਸੀ ਕਲਾਸ ਵਜੋਂ ਕੰਮ ਕਰ ਰਹੇ ਕਰਮਚਾਰੀਆਂ ਨੂੰ 33% ਕੋਟੇ ਅਧੀਨ ਕਲਰਕ-ਕਮ-ਜੂਨੀਅਰ ਡਾਟਾ ਐਂਟਰੀ ਓਪਰੇਟਰ ਵਜੋਂ ਪ੍ਰਮੋਸ਼ਨ ਸਬੰਧੀ ਉਨ੍ਹਾਂ ਤੇ 30 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਨਾਲ ਟਾਈਪ ਟੈਸਟ ਪਾਸ ਕਰਨ ਸਬੰਧੀ ਲਾਈ ਗਈ ਸ਼ਰਤ ਖਤਮ ਕਰਨ ਅਤੇ ਇਸ ਸਬੰਧੀ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 180 ਉੱਤੇ ਰੈਗੂਲੇਸ਼ਨਜ਼ ਵਿਚ ਹੇਠ ਲਿਖੇ ਅਨੁਸਾਰ ਸੋਧ ਕਰਨ ਤੇ ਵਿਚਾਰ ਹੋਈ ਕਿਉਂਜੋ ਇਨ੍ਹਾਂ ਕਰਮਚਾਰੀਆਂ ਦੀ ਪ੍ਰਮੋਸ਼ਨ ਲਈ ਕੰਪਿਊਟਰ ਦਾ ਨਿਰਧਾਰਤ ਥਿਊਰੀ ਅਤੇ ਪ੍ਰੈਕਟੀਕਲ ਟੈਸਟ ਲਿਆ ਜਾਂਦਾ ਹੈ:-

| ਵਰਤਮਾਨ ਰੈਗੂਲੇਸ਼ਨਜ਼ | ਤਜ਼ਵੀਜ਼ਸ਼ੁਦਾ ਰੈਗੂਲੇਸ਼ਨਜ਼ |
|---|---|
| i) +2 with eight years experience and to clear type test in Punjbai or English at the speed of 30 words per minute.<br>or<br>Graduate with five years experience. | i) +2 with eight years experience.<br>or<br>Graduate with five years experience. |
| ii) Must have passed the subject of Punjabi upto matric standard. | ii) No Change. |
| iii) Good practical and theoretical knowledge of computer.<br>The knowledge of computer/ typing shall be tested through a written/practical test and only those candidates who qualify the written/ practical test shall be considered for promotion. | iii) No Change. |

ਹੇਠ ਲਿਖੇ ਨੋਟ ‘ਤੇ ਵੀ ਵਿਚਾਰ ਹੋਈ:-

ਨੋਟ:- ਪਹਿਲਾਂ ਇਨ੍ਹਾਂ ਸਬੰਧਤ ਕਰਮਚਾਰੀਆਂ ਦੀ ਪ੍ਰਮੋਸ਼ਨ ਲਈ ਟਾਈਪਰਾਈਟਰ ਮਸ਼ੀਨਾਂ ਤੇ 30 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਨਾਲ ਟੈਸਟ ਲਿਆ ਜਾਂਦਾ ਸੀ, ਪ੍ਰੰਤੂ ਬਾਅਦ ਵਿਚ ਇਹ ਟੈਸਟ ਕੰਪਿਊਟਰ ਤੇ ਲਿਆ ਜਾਣ ਲੱਗ ਪਿਆ ਹੈ। ਇਸ ਲਈ ਇਨ੍ਹਾਂ ਕਰਮਚਾਰੀਆਂ ਦੀ ਪ੍ਰਮੋਸ਼ਨ ਲਈ ਰੈਗੂਲੇਸ਼ਨਜ਼ ਵਿਚ ਸੋਧ ਲੋੜੀਂਦੀ ਹੈ।

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵਿਖੇ ਡੁਪਲੀਕੇਟਿੰਗ ਮਸ਼ੀਨ ਓਪਰੇਟਰ-ਕਮ-ਰਿਸਟੋਰਰ-ਕਮ-ਦਫਤਰੀ/ਸੀ ਕਲਾਸ ਵਜੋਂ ਕੰਮ ਕਰ ਰਹੇ ਕਰਮਚਾਰੀਆਂ ਨੂੰ 33% ਕੋਟੇ ਅਧੀਨ ਕਲਰਕ-ਕਮ-ਜੂਨੀਅਰ ਡਾਟਾ ਐਂਟਰੀ ਓਪਰੇਟਰ ਵਜੋਂ ਪ੍ਰਮੋਸ਼ਨ ਸਬੰਧੀ ਉਨ੍ਹਾਂ ਤੇ 30 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਨਾਲ ਟਾਈਪ ਟੈਸਟ ਪਾਸ ਕਰਨ ਸਬੰਧੀ ਲਾਈ ਗਈ ਸ਼ਰਤ ਖਤਮ ਕਰਨ ਅਤੇ ਇਸ ਸਬੰਧੀ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 180 ਉੱਤੇ ਰੈਗੂਲੇਸ਼ਨਜ਼ ਵਿਚ ਉਕਤ ਅਨੁਸਾਰ ਸੋਧ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਕਿਉਂਜੋ ਇਨ੍ਹਾਂ ਕਰਮਚਾਰੀਆਂ ਦੀ ਪ੍ਰਮੋਸ਼ਨ ਲਈ ਕੰਪਿਊਟਰ

ਦਾ ਨਿਰਧਾਰਤ ਥਿਊਰੀ ਅਤੇ ਪ੍ਰੈਕਟੀਕਲ ਟੈਸਟ ਲਿਆ ਜਾਂਦਾ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

**ਸ੍ਰੀ ਸਵਰਨ ਸਿੰਘ, ਇਲੈਕਟ੍ਰੀਸ਼ੀਅਨ ਗ੍ਰੇਡ-II ਦੀ ਮੁੜ-ਨਿਯੁਕਤੀ ਸਬੰਧੀ।**

36. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਸਵਰਨ ਸਿੰਘ, ਇਲੈਕਟ੍ਰੀਸ਼ੀਅਨ ਗ੍ਰੇਡ-II (ਸੇਵਾ-ਮੁਕਤ), ਉਸਾਰੀ ਵਿਭਾਗ, ਜਿਸ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਮਿਤੀ 12.4.2012 ਨੂੰ ਖਤਮ ਹੋ ਰਹੀ ਹੈ, ਨੂੰ ਹਾਜਰ ਹੋਣ ਦੀ ਮਿਤੀ ਤੋਂ ਛੇ ਮਹੀਨਿਆਂ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਕੰਟ੍ਰੈਕਟ ਆਧਾਰ ਤੇ ਮੁੜ ਨਿਯੁਕਤ ਕੀਤਾ ਜਾਂਦਾ ਹੈ।

**ਯੂਨੀਵਰਸਿਟੀ ਵਿਖੇ ਇਸਤਰੀ ਕਰਮਚਾਰੀਆਂ ਨੂੰ ਚਾਈਲਡ ਕੇਅਰ ਲੀਵ ਦੇਣ ਲਈ ਵਿਵਸਥਾ ਕਰਨ ਦੀ ਪਰਵਾਨਗੀ।**

37. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪੀ.ਪੀ.3 ਸ਼ਾਖਾ) ਵੱਲੋਂ ਪ੍ਰਾਪਤ ਨੋਟੀਫਿਕੇਸ਼ਨ ਨੰ: 6/26/2011-6ਪੀ.ਪੀ.3/2046 ਮਿਤੀ 22.12.2011 (**ਅੰਤਿਕਾ**) ਨੂੰ ਲਾਗੂ ਕਰਨ ਹਿਤ ਯੂਨੀਵਰਸਿਟੀ ਵਿਖੇ ਇਸਤਰੀ ਕਰਮਚਾਰੀਆਂ ਨੂੰ ਚਾਈਲਡ ਕੇਅਰ ਲੀਵ ਪਰਦਾਨ ਕਰਨ ਸਬੰਧੀ ਯੂਨੀਵਰਸਿਟੀ ਕੈਲੰਡਰ 2007 ਜਿਲਦ ਪਹਿਲੀ ਦੇ ਚੈਪਟਰ 2 ਅਧੀਨ ਸਟੈਚਿਊਟ ਵਿਚ ਵਿਵਸਥਾ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ। ਯੂਨੀਵਰਸਿਟੀ ਕੈਲੰਡਰ ਵਿਚ ਵਿਵਸਥਾ ਕਰਨ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

ਮੱਦ ਨੰ: 38 ਅਤੇ 59 ਇੱਕਠੀਆਂ ਪੜੀਆਂ ਗਈਆਂ।

**4,9,14 ਸਾਲ ਦੀ ਸੇਵਾ ਸਕੀਮ ਅਧੀਨ ਸਬੰਧਤ ਅਧਿਕਾਰੀਆਂ ਨੂੰ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ।**

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 7/60/2006-5 ਪੀ.ਪੀ.1/479 ਮਿਤੀ 22.7.2011 ਦੀ ਲਗਾਤਾਰਤਾ ਵਿਚ ਨੋਟੀਫਿਕੇਸ਼ਨ ਨੰ: 7/60/2006-5 ਪੀ.ਪੀ.1/876 ਮਿਤੀ 20.12.2011 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ Assured Career Progression Scheme ਅਧੀਨ **ਅੰਤਿਕਾ** ਵਿਚ ਦਰਸਾਏ ਅਧਿਕਾਰੀਆਂ ਨੂੰ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ 4,9,14 ਸਾਲ ਦੀ ਸੇਵਾ ਸਕੀਮ ਅਧੀਨ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

59. ਪੰਜਾਬ ਸਰਕਾਰ ਦੇ ਉਪਰੋਕਤ ਨੋਟੀਫਿਕੇਸ਼ਨਾਂ ਅਨੁਸਾਰ ਹੀ ਹੇਠ ਲਿਖੇ ਅਧਿਕਾਰੀਆਂ ਨੂੰ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ 4,9,14 ਸਾਲ ਦੀ ਸੇਵਾ ਸਕੀਮ ਅਧੀਨ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਲੜੀ ਨੰ: | ਕਰਮਚਾਰੀ ਦਾ ਨਾਮ/ਅਹੁਦਾ/ ਵਿਭਾਗ /ਸ਼ਾਖਾ | ਕੇਡਰ ਵਿੱਚ ਸਰਵਿਸ ਉਪਰੰਤ | ਜਿਸ ਮਿਤੀ ਤੋਂ ਦੇਣੀ ਹੈ | ਬਣਦੀ ਬੇਸਿਕ ਤਨਖਾਹ | ਦਿੱਤਾ ਜਾਣ ਵਾਲਾ ਸਕੇਲ/ਗ੍ਰੇਡ ਪੇਅ |
|---|---|---|---|---|---|
| 1. | ਸ੍ਰੀਮਤੀ ਤੇਜਿੰਦਰ ਕੌਰ, ਸਾਬਕਾ ਸਹਾਇਕ ਰਜਿਸਟਰਾਰ | 4 ਸਾਲਾ | 6.7.2010 | 26780 | 10300-34800+5400 GP |
| 2. | ਸ੍ਰੀ ਡੀ.ਪੀ. ਸਿੰਘ, ਸਾਬਕਾ ਸਹਾਇਕ ਰਜਿਸਟਰਾਰ | 4 ਸਾਲਾ | 1.3.2010 | 34590 | 15600-39100+5400 GP |

| | | | | | |
|---|---|---|---|---|---|
| 3. | ਸ੍ਰੀ ਗੁਰਚਰਨ ਸਿੰਘ, ਸਾਬਕਾ ਸਹਾਇਕ ਰਜਿਸਟਰਾਰ | 4 ਸਾਲਾ | 9.8.2009 | 35410 | - ਉਹੀ - |
| 4. | ਸ੍ਰੀ ਮਲਕੀਅਤ ਸਿੰਘ, ਨਿੱਜੀ ਸਹਾਇਕ | 4 ਸਾਲਾ | 2.5.2011 | 31230 | 10300-34800+5400 GP |
| 5. | ਮਿਸ. ਰਵਿੰਦਰ ਬਵੇਜਾ, ਨਿੱਜੀ ਸਹਾਇਕ | 9 ਸਾਲਾ | 6.11.2011 | 31940 | 15600-39100+5400 GP |
| 6. | ਸ੍ਰੀ ਆਰ.ਕੇ. ਨਈਅਰ, ਸਾਬਕਾ ਨਿਗਰਾਨ | 4 ਸਾਲਾ | 6.11.2010 | 28530 | 10300-34800+5400 GP |

**ਸਬੰਧਤ ਵਿਭਾਗਾਂ ਵਿਚ ਅਧਿਆਪਨ ਅਸਾਮੀਆਂ ਦੀ ਭਰਤੀ ਤੇ ਲੱਗਾ 10% ਕੱਟ ਹਟਾਉਣ ਦੀ ਪੁਸ਼ਟੀ।**

39. ਵਿਚਾਰ ਉਪਰੰਤ

**ਪਾਸ ਹੋਇਆ** ਕਿ ਆਡਿਟ ਇਤਰਾਜ ਦੀ ਪੂਰਤੀ ਲਈ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਿੰਡੀਕੇਟ ਦੀ ਇੱਕਤਰਤਾ ਮਿਤੀ 12.3.2010 ਦੇ ਪੈਰਾ ਨੰ: 29 ਰਾਹੀਂ ਯੂਨੀਵਰਸਿਟੀ ਵਿਖੇ ਵਿੱਤੀ ਸੰਕਟ (Financial Crunch) ਕਾਰਣ ਅਧਿਆਪਨ ਅਤੇ ਗੈਰ-ਅਧਿਆਪਨ ਦੀਆਂ 10% ਅਸਾਮੀਆਂ ਨਾ ਭਰਨ ਦੇ ਨਿਰਣੇ ਤੋਂ ਛੋਟ ਦੇਂਦਿਆਂ ਹੇਠ ਲਿਖੇ ਵਿਭਾਗਾਂ ਵਿਖੇ ਅਧਿਆਪਕਾਂ ਦੀਆਂ ਪ੍ਰਵਾਨਿਤ ਅਸਾਮੀਆਂ ਤੋਂ ਇਲਾਵਾ ਲੋੜ ਅਨੁਸਾਰ ਹੋਰ ਵਾਧੂ ਅਸਾਮੀਆਂ ਭਰਨ ਦੀ ਪਰਵਾਨਗੀ ਦਿੱਤੀ ਹੈ:-

1. Deptt. of Pharmaceutical Sciences
2. Deptt. of Sports Medicine & Physiotherapy
3. Deptt. of Law, GNDU, Asr.
4. Deptt. of Architecture
5. School of Social Sciences

**ਸਾਲ 2012-13 ਲਈ ਵੱਖ-ਵੱਖ ਕੋਰਸਾਂ ਵਿਚ ਦਾਖਲੇ ਸਬੰਧੀ ਕਸ਼ਮੀਰੀ ਮਾਈਗਰੈਂਟਸ ਨੂੰ ਸਹੂਲਤਾਂ ਦੀ ਪੁਸ਼ਟੀ।**

40. ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਕਸ਼ਮੀਰੀ ਮਾਈਗਰੈਂਟਸ ਨੂੰ ਵੱਖ-ਵੱਖ ਕੋਰਸਾਂ ਵਿਚ ਦਾਖਲੇ ਲਈ ਸਹੂਲਤਾਂ ਪਰਦਾਨ ਕਰਨ ਸਬੰਧੀ ਭਾਰਤ ਸਰਕਾਰ ਦੇ ਹਿਊਮਨ ਰਿਸੋਰਸ ਡਿਵੈਲਪਮੈਂਟ ਮੰਤਰਾਲੇ ਦੇ ਪੱਤਰ ਨੰ: No.3-1/2012-NER ਮਿਤੀ 27.2.2012 (**ਅੰਤਿਕਾ ਅਨੁਸਾਰ**) ਨੂੰ ਲਾਗੂ ਕਰਨ ਹਿਤ ਸਿੰਡੀਕੇਟ ਦੀ ਇੱਕਤਰਤਾ ਮਿਤੀ 23.4.2008 ਦੇ ਪੈਰਾ 17 ਰਾਹੀਂ ਸੈਸ਼ਨ 2008-09 ਲਈ ਪਰਵਾਨ ਹੋਏ ਹੇਠ ਲਿਖੇ Criteria ਨੂੰ ਸੈਸ਼ਨ 2012-13 ਲਈ ਅਪਨਾਉਣ ਦੀ ਆਗਿਆ ਦਿੱਤੀ ਹੈ:-

1. In those technical/professional departments at GNDU Campus and its Regional campuses at Jalandhar and Gurdaspur where there is only one application, admission may be granted if the candidate fulfills all the requirements and qualifications.
2. In case there is more than one candidate, the admission may be granted on the basis of marks obtained in the qualifying exam as per rules of the University.

**ਪਾਸ ਹੋਇਆ** ਕਿ ਕਸ਼ਮੀਰੀ ਮਾਈਗਰੈਂਟਸ ਨੂੰ ਵੱਖ-ਵੱਖ ਕੋਰਸਾਂ ਵਿਚ ਦਾਖਲੇ ਲਈ ਸਹੂਲਤਾਂ ਪਰਦਾਨ ਕਰਨ ਸਬੰਧੀ ਭਾਰਤ ਸਰਕਾਰ ਦੇ ਹਿਊਮਨ ਰਿਸੋਰਸ ਡਿਵੈਲਪਮੈਂਟ ਮੰਤਰਾਲੇ ਦੇ ਪੱਤਰ ਨੰ: No.3-1/2012-NER ਮਿਤੀ 27.2.2012

(**ਅੰਤਿਕਾ ਅਨੁਸਾਰ**) ਨੂੰ ਲਾਗੂ ਕਰਨ ਹਿਤ ਸੈਸ਼ਨ 2012-13 ਲਈ ਹੇਠ ਲਿਖੇ ਅਨੁਸਾਰ Criteria ਅਪਨਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

1. In those technical/professional departments at GNDU Campus, its Regional Campuses and Constituent Colleges where there is only one application, admission may be granted if the candidate fulfills all the requirements and qualifications.
2. In case there is more than one candidate, the admission may be granted on the basis of marks obtained in the qualifying exam as per rules of the University.

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪੁਸ਼ਟੀ।**

41. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਰਜੀਆ ਸੁਲਤਾਨਾ | Synthesis, Structures and Reactivity of Heterocyclic Thioamide Derivatives of Coinage Metals. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 2. | ਰਾਕੇਸ਼ ਕੁਮਾਰ | Green Synthesis of Bioactive Phenolics Employing Ionic Liquids and Microwave Assisted Approaches. | - ਉਹੀ - |
| 3. | ਨੰਦਿਨੀ ਸ਼ਰਮਾ | Chemical and Biotransformation Studies of Some Bioactive Phenolics and Heterocyclic Compounds | - ਉਹੀ - |
| 4. | ਸਈਅਦ ਖਾਲਿਦ ਯੂਸਫ | Studies toward the Synthesis of Biologically Significant Compounds from Carbohydrate and Natural Product Precursors. | - ਉਹੀ - |
| 5. | ਪਰਵਿੰਦਰ ਪਾਲ ਸਿੰਘ | Design and Synthesis of Novel Immune Adjuvants for Vaccines and Development of Small Molecule Immunomodulators. | - ਉਹੀ - |
| 6. | ਪੂਨਮ ਕੁਮਾਰੀ | Synthesis and Structures of Transition Metal Thiosemicarbazonates. | - ਉਹੀ - |
| 7. | ਜਸੋਬੰਤਾ ਸੇਠੀ | Effect of Body Mass Index on Psycho- Physical Health of Computer Workers in a Developed Ergonomic Setup: A Descriptive Study. | ਸਪੋਰਟਸ ਮੈਡੀਸਨ ਤੇ ਫਿਜੀਓਥਰਾਪੀ- ਸਪੋਰਟਸ ਮੈਡੀਸਨ ਤੇ ਫਿਜੀਓਥਰਾਪੀ ਫੈਕਲਟੀ। |
| 8. | ਦੀਪਕ ਕੁਮਾਰ | A Study on the Efficacy of Mulligan Concept in Cervical Spine Pain and Stiffness. | - ਉਹੀ - |

| | | | |
|---|---|---|---|
| 9. | ਰਾਕੇਸ਼ ਕੁਮਾਰ ਸ਼ਰਮਾ | Role of White Rot Fungi to improve in Vitro Digestibility of Lignocellulosic Residues. | ਮਾਈਕ੍ਰੋਬਿਆਲੋਜੀ- ਲਾਈਫ ਸਾਇੰਸਜ਼ ਫੈਕਲਟੀ। |
| 10. | ਰੋਹਿਤ ਸੋਨੀ | Production, Purification and Industrial Applications of Cellulase from Aspergillus sp. AMA. | - ਉਹੀ - |
| 11. | ਅਮਰਦੀਪ ਕੌਰ ਆਹਲੂਵਾਲੀਆ | Impact of Television Advertising on Children: A Behavioural Study. | ਬਿਜਨੈਸ ਐਡਮਨਿਸਟ੍ਰੇਸ਼ਨ- ਇਕਨਾਮਿਕਸ ਤੇ ਬਿਜਨੈਸ ਫੈਕਲਟੀ। |
| 12. | ਲੀਨੂ ਨਾਰੰਗ | Human Resource System and Corporate Performance. | ਕਾਮਰਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 13. | ਰੇਨੂੰ ਸ਼ਰਮਾ | Foreign Direct Investment and its Impact on Macro Economic Parameters: A Comparative Study of India and China. | - ਉਹੀ - |
| 14. | ਗਗਨਦੀਪ ਕੌਰ | Employee Perception and Customer Satisfaction: A Study of Selected Indian Universal Banks. | - ਉਹੀ - |
| 15. | ਸੁਖਵਿੰਦਰ ਕੌਰ | Cost of Capital of Selected Indian Companies. | - ਉਹੀ - |
| 16. | ਕਵਲਦੀਪ | Leadership Behaviour and Organisational Commitment: A Comparative Study of Public and Private Sector Banks. | - ਉਹੀ - |
| 17. | ਰੁਚਿਤਾ | Performance and Prospects of Health Insurance in India. | - ਉਹੀ - |
| 18. | ਪਰਮਜੀਤ ਕੌਰ | ਕਰਤਾਰ ਸਿੰਘ ਦੁੱਗਲ ਅਤੇ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ: ਰਚਨਾ- ਦ੍ਰਿਸ਼ਟੀ ਦਾ ਤੁਲਨਾਤਮਕ ਅਧਿਐਨ | ਪੰਜਾਬੀ- ਲੈਂਗੂਏਜ਼ਿਜ਼ ਫੈਕਲਟੀ। |
| 19. | ਸਰਦਾਰਾ ਸਿੰਘ | ਪੰਜਾਬੀ ਨਾਮਕਰਨ ਦੀ ਲੋਕਧਾਰਾ: ਇਕ ਅਧਿਐਨ | - ਉਹੀ - |
| 20. | ਅਨੂ ਪਾਲ | Stylistics: Theory and Interpretation (In the context of selected Poems of Shamsher Bahadur Singh) | ਹਿੰਦੀ- ਲੈਂਗੂਏਜ਼ਿਜ਼ ਫੈਕਲਟੀ। |
| 21. | ਸਤੀਸ਼ ਕੁਮਾਰ ਸਿੰਘ | Mohan Rakesh Ke Sahitya Mein Punjabi Samvedna. | - ਉਹੀ - |
| 22. | ਨਵਜੀਤ ਕੌਰ | Beesawi Shatabadhi Ke Antim Dashak Mein Parkashit Hindi Sahityathaason Ka Parvitimulak Vishlation. | - ਉਹੀ - |
| 23. | ਰਾਕੇਸ਼ ਸ਼ਰਮਾ | The Imperial War and its Consequences: The Punjab (1939-1945). | ਹਿਸਟਰੀ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 24. | ਵਿਨੇ ਸੋਫਤ | Ideas of Swami Vivekananda and National Awakening. | - ਉਹੀ - |
| 25. | ਅਨੀਤਾ ਰਾਣੀ | Poverty in Punjab: A District Level Study. | ਇਕਨਾਮਿਕਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |

| | | | |
|---|---|---|---|
| 26. | ਗੁਰਿੰਦਰਜੀਤ ਸਿੰਘ ਭੁੱਲਰ | Human Capital Formation and Economic Development: International Experience. | - ਉਹੀ - |
| 27. | ਸਿਓਜੀ ਭਾਟੀਆ | Public Health Expenditure and Health Status in India: An Inter-State Analysis. | ਇਕਨਾਮਿਕਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 28. | ਗਗਨਦੀਪ ਸਿੰਘ | ਪੰਜਾਬ ਦਾ ਲੋਕ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ | ਰਿਲੀਜਸ ਸਟੱਡੀਜ਼- ਹਿਊਮੈਨੇਟੀਜ਼ ਤੇ ਰਿਲੀਜਸ ਸਟੱਡੀਜ਼ ਫੈਕਲਟੀ। |
| 29. | ਕਵਲਜੀਤ ਸਿੰਘ | Regioselective Synthetic Transformations and Applications of Pyrimidin- 2(1H)-one Derivatives. | ਅਪਲਾਈਡ ਕੈਮੀਕਲ ਸਾਇੰਸਜ਼ ਤੇ ਟੈਕਨਾਲੋਜੀ- ਅਪਲਾਈਡ ਸਾਇੰਸਜ਼ ਫੈਕਲਟੀ। |
| 30. | ਕਵਲਜੀਤ ਕੌਰ | Obesity in Pre and Postmenopausal Women, and its Association with Hypertension and Type 2 Diabetes. | ਹਿਊਮਨ ਜੈਨੇਟਿਕਸ- ਲਾਈਫ ਸਾਇੰਸਜ਼ ਫੈਕਲਟੀ। |
| 31. | ਇੰਦੂ ਸ਼ਰਮਾ | Effect of Brassinosteroids on Antioxidant Defence System of Raphanus Sativus L. under Heavy Metal Stress Employing Biochemical and Molecular Approaches. | ਬੋਟਨੀ- ਲਾਈਫ ਸਾਇੰਸਜ਼ ਫੈਕਲਟੀ। |
| 32. | ਨਾਓਸੇਕਪਾਮ ਅਜੀਤ ਸਿੰਘ | Molecular Cloning, Expression and Characterisation of Chitinase from Antagonistic Pseudomonas putida Trevisan. | ਬਾਇਓ-ਟੈਕਨਾਲੋਜੀ- ਲਾਈਫ ਸਾਇੰਸਜ਼ ਫੈਕਲਟੀ। |
| 33. | ਪਰਮਦੀਪ ਸਿੰਘ | Conceptual Experiments for Physics Teaching. | ਫਿਜ਼ਿਕਸ- ਸਾਇੰਸਜ਼ ਫੈਕਲਟੀ। |
| 34. | ਬਿੰਦੀਆ ਭੱਲਾ | Modes of Production, Distribution and Reception of Writings in Women's Magazines: A Study in Critical Discourse Analysis. | ਅੰਗਰੇਜ਼ੀ- ਲੈਂਗੁਏਜਿਜ਼ ਫੈਕਲਟੀ। |
| 35. | ਕਿਰਨਜੀਤ ਕੌਰ | Personality, Parental Role and Socio-Cognitive Correlates of Achievement Motivation. | ਸਾਈਕਾਲੋਜੀ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 36. | ਹਰਜੀਤ ਸਿੰਘ | Films and Philosophy of Gulzar: A Critical Study. | ਜਰਨਲਿਜ਼ਮ ਤੇ ਮਾਸ ਕਮਿਊਨੀਕੇਸ਼ਨ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 37. | ਰੁਮੀਤਾ ਬਤਰਾ | Study of Academic Achievement in Relation to Self-Concept, Mental Health and Home Environment of Secondary School Students. | ਐਜੂਕੇਸ਼ਨ- ਐਜੂਕੇਸ਼ਨ ਫੈਕਲਟੀ। |
| 38. | ਜਸਪਾਲ ਸਿੰਘ | Kushana Art of Sanghol: A Critical Analysis. | ਫਾਈਨ ਆਰਟਸ- ਵਿਜ਼ੂਅਲ ਆਰਟਸ ਤੇ ਪਰਫਾਰਮਿੰਗ ਆਰਟਸ ਫੈਕਲਟੀ। |
| 39. | ਮਨੂ ਸੂਦ | Study of Emotional Intelligence and Sports Performance. | ਫਿਜ਼ੀਕਲ ਐਜੂਕੇਸ਼ਨ- ਫਿਜ਼ੀਕਲ ਐਜੂਕੇਸ਼ਨ ਫੈਕਲਟੀ |

ਵਿਦਿਆਰਥੀਆਂ ਨੂੰ ਉੱਤਰ-ਪੱਤਰੀਆਂ ਦਿਖਾਉਣ ਸਬੰਧੀ।

42. ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਮੁੜ-ਮੁਲਾਂਕਣ ਦਾ ਨਤੀਜਾ ਨਿਕਲਣ ਤੋਂ ਬਾਅਦ ਵਿਦਿਆਰਥੀਆਂ ਨੂੰ ਉੱਤਰ-ਪਤੱਰੀਆਂ ਦਿਖਾਉਣ ਸਬੰਧੀ ਯੂਨੀਵਰਸਿਟੀ ਕੈਲੰਡਰ 2008, ਭਾਗ ਦੂਜਾ, ਪੰਨਾ 98 ਉੱਤੇ ਨਿਯਮ 7 ਦੇ ਆਧਾਰ ਤੇ ਮੁੱਢਲਾ (Original) ਨਤੀਜਾ ਨਿਕਲਣ ਤੋਂ ਬਾਅਦ ਨਿਰਧਾਰਤ ਫੀਸ 600/- ਰੁਪਏ ਪ੍ਰਤੀ ਉੱਤਰ-ਪਤੱਰੀ ਦੇ ਹਿਸਾਬ ਨਾਲ ਉੱਤਰ-ਪੱਤਰੀਆਂ ਦੇਖਣ ਦੀ ਆਗਿਆ ਦਿੱਤੀ ਹੈ।

ਹੇਠ ਲਿਖੇ ਨੋਟ ‘ਤੇ ਵੀ ਵਿਚਾਰ ਹੋਈ:-

ਨੋਟ1:- ਯੂਨੀਵਰਸਿਟੀ ਕੈਲੰਡਰ 2008, ਭਾਗ ਦੂਜਾ, ਪੰਨਾ 98 ਉੱਤੇ ਨਿਯਮ 7 ਹੇਠ ਲਿਖੇ ਅਨੁਸਾਰ ਹੈ:-

“A candidate will be permitted to see his/her answer-book/s during working hours on payment of prescribed additional fee per answer-book on a written request alongwith the application form for re-evaluation or within 15 days from the date of declaration of the results of re-evaluation.”

ਨੋਟ2:- ਸਿੰਡੀਕੇਟ ਦੀ ਇੱਕਤਰਤਾ ਮਿਤੀ 27.9.2011 ਦੇ ਪੈਰਾ 36 ਰਾਹੀਂ ਯੂਨੀਵਰਸਿਟੀ ਵੱਲੋਂ ਲਈਆਂ ਜਾਣ ਵਾਲੀਆਂ ਵੱਖ-ਵੱਖ ਪ੍ਰੀਖਿਆਵਾਂ ਦਾ ਨਤੀਜਾ ਨਿਕਲਣ ਦੀ ਮਿਤੀ ਤੋਂ ਤਿੰਨ ਹਫਤੇ ਦੇ ਅੰਦਰ-ਅੰਦਰ 10000/- ਰੁਪਏ ਪ੍ਰਤੀ ਉੱਤਰ-ਪਤੱਰੀ ਦੇ ਹਿਸਾਬ ਨਾਲ ਵਿਦਿਆਰਥੀਆਂ ਨੂੰ ਉੱਤਰ-ਪਤੱਰੀਆਂ ਦਿਖਾਉਣ ਦੀ ਸੁਵਿਧਾ ਪ੍ਰਦਾਨ ਕੀਤੀ ਗਈ ਹੈ, ਪ੍ਰੰਤੂ ਬਿਨੈਕਾਰਾਂ ਵੱਲੋਂ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਮਾਨਯੋਗ ਸਟੇਟ ਇਨਫ਼ਰਮੇਸ਼ਨ ਕਮਿਸ਼ਨ ਨੂੰ ਸ਼ਿਕਾਇਤਾਂ ਭੇਜੀਆਂ ਜਾ ਰਹੀਆਂ ਹਨ। ਰਾਈਟ ਟੂ ਇਨਫਰਮੇਸ਼ਨ ਐਕਟ ਅਧੀਨ ਇਮਤਿਹਾਨਾਂ ਦੀਆਂ ਉੱਤਰ-ਪਤੱਰੀਆਂ ਦੀਆਂ ਫੋਟੋ ਕਾਪੀਆਂ ਦੇਣ ਅਤੇ ਉੱਤਰ-ਪਤੱਰੀਆਂ ਵਿਖਾਉਣ ਬਾਰੇ ਲਗਾਤਾਰ ਕੇਸ ਪ੍ਰਾਪਤ ਹੋ ਰਹੇ ਹਨ।

ਇਨ੍ਹਾਂ ਵਿਚੋਂ ਦੋ ਬਿਨੈਕਾਰਾਂ ਸ੍ਰੀਮਤੀ ਸੋਨੀਆ ਵਧਵਾ ਅਤੇ ਸ੍ਰੀ ਕਮਲ ਕਿਸ਼ੋਰ ਅਰੋੜਾ ਨੇ ਯੂਨੀਵਰਸਿਟੀ ਦੇ ਫੈਸਲੇ ਤੇ ਅਸੰਤੁਸ਼ਟੀ ਪ੍ਰਗਟ ਕਰਦਿਆਂ ਮਾਨਯੋਗ ਸਟੇਟ ਇਨਫਰਮੇਸ਼ਨ ਕਮਿਸ਼ਨ ਕੋਲ ਅਪੀਲ ਕੀਤੀ ਸੀ। ਇਨ੍ਹਾਂ ਕੇਸਾਂ ਵਿਚ ਯੂਨੀਵਰਸਿਟੀ ਦਾ ਪੱਖ ਪੇਸ਼ ਕਰਨ ਲਈ ਯੂਨੀਵਰਸਿਟੀ ਦੇ ਲੀਗਲ ਐਡਵਾਈਜਰ ਮਾਨਯੋਗ ਕਮਿਸ਼ਨ ਅੱਗੇ ਪੇਸ਼ ਹੋਏ ਸਨ। ਯੂਨੀਵਰਸਿਟੀ ਦੇ ਲੀਗਲ ਐਡਵਾਈਜਰ ਵੱਲੋਂ ਪੇਸ਼ ਕੀਤੇ ਪੱਖ ਨੂੰ ਮਾਨਯੋਗ ਕਮਿਸ਼ਨ ਨੇ ਨਹੀਂ ਮੰਨਿਆ ਅਤੇ ਯੂਨੀਵਰਸਿਟੀ ਦੇ ਫੈਸਲੇ ਦੇ ਵਿਰੁੱਧ ਸੋਨੀਆ ਵਧਵਾ ਦੇ ਕੇਸ ਵਿਚ ਉੱਤਰ-ਪੱਤਰੀ ਦਿਖਾਉਣ ਅਤੇ ਸ੍ਰੀ ਕਮਲ ਕਿਸ਼ੋਰ ਅਰੋੜਾ ਦੇ ਕੇਸ ਵਿਚ ਉੱਤਰ-ਪਤੱਰੀ ਦੀ ਤਸਦੀਕਸ਼ੁਦਾ ਫੋਟੋਕਾਪੀ ਮੁਹੱਈਆ ਕਰਵਾਉਣ ਲਈ ਆਦੇਸ਼ ਕੀਤੇ ਸਨ। ਇਸ ਅਨੁਸਾਰ ਸ੍ਰੀਮਤੀ ਸੋਨੀਆ ਵਧਵਾ ਨੂੰ ਬੀ.ਐਡ. ਪ੍ਰੀਖਿਆ ਦੇ ਸਾਰੇ ਪੇਪਰਾਂ ਦੀਆਂ ਉੱਤਰ-ਪੱਤਰੀਆਂ ਐਕਟ ਅਧੀਨ ਦਿਖਾਈਆਂ ਜਾ ਚੁੱਕੀਆਂ ਹਨ ਅਤੇ ਐਡਵੋਕੇਟ ਕਮਲ ਕਿਸ਼ੋਰ ਅਰੋੜਾ ਨੂੰ ਉਨ੍ਹਾਂ ਦੇ ਪੁੱਤਰ ਸ੍ਰੀ ਗੌਰਵ ਅਰੋੜਾ, ਰੋਲ ਨੰ: 882116, ਐਮ.ਏ. ਸਮੈਸਟਰ-ਦੂਜਾ, ਪੇਪਰ-ਅੰਗਰੇਜੀ(ਡਰਾਮਾ-1) ਦੀ ਉੱਤਰ-ਪੱਤਰੀ ਦੀ ਤਸਦੀਕਸ਼ੁਦਾ ਕਾਪੀ ਵੀ ਭੇਜੀ ਜਾ ਚੁੱਕੀ ਹੈ।

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਇਸ ਸੋਧ ਸਹਿਤ ਕੀਤੀ ਜਾਂਦੀ ਹੈ ਕਿ ਮੁੜ-ਮੁਲਾਂਕਣ ਦਾ ਨਤੀਜਾ ਨਿਕਲਣ ਤੋਂ ਬਾਅਦ ਵਿਦਿਆਰਥੀਆਂ ਨੂੰ ਉੱਤਰ-ਪੱਤਰੀਆਂ ਦੇਖਣ ਲਈ

ਪਹਿਲਾਂ ਨਿਰਧਾਰਤ ਫੀਸ 600/- ਰੁਪਏ ਦੀ ਬਜਾਇ 1000/- ਰੁਪਏ ਅਤੇ ਮੁਢਲਾ (Original) ਨਤੀਜਾ ਨਿਕਲਣ ਤੋਂ ਬਾਅਦ ਉੱਤਰ-ਪੱਤਰੀਆਂ ਦੇਖਣ ਲਈ 10000/- ਰੁਪਏ ਦੀ ਬਜਾਇ 5000/- ਰੁਪਏ ਫੀਸ ਨਿਰਧਾਰਤ ਕੀਤੀ ਜਾਂਦੀ ਹੈ।

ਐਮ.ਏ. ਧਾਰਮਿਕ ਅਧਿਐਨ (ਸਲਾਨਾ/ ਸਮੈਸਟਰ) ਦੇ ਅਧਿਆਦੇਸ਼ਾਂ ਦੀ ਪੁਸ਼ਟੀ।

43. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀਆਂ ਇੱਕਤਰਤਾਵਾਂ ਮਿਤੀ 20.11.2009 ਅਤੇ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਬੰਧਤ ਫੈਕਲਟੀ ਦੇ ਚੇਅਰਪਰਸਨ ਅਤੇ ਡੀਨ, ਫੈਕਲਟੀ ਦੇ ਸੁਝਾਅ ਅਨੁਸਾਰ ਐਮ.ਏ. ਧਾਰਮਿਕ ਅਧਿਐਨ ਦੇ ਸਲਾਨਾ ਅਤੇ ਸਮੈਸਟਰ ਸਿਸਟਮ ਦੇ ਸਾਂਝੇ ਅਧਿਆਦੇਸ਼ ਸੈਸ਼ਨ 2010-11 ਅਤੇ ਸੈਸ਼ਨ 2011-12 ਲਈ **ਅੰਤਿਕਾ** ਅਨੁਸਾਰ ਲਾਗੂ ਕਰਨ ਦੀ ਪਰਵਾਨਗੀ ਦਿੱਤੀ ਹੈ।

ਇਹ ਵੀ **ਪਾਸ ਹੋਇਆ** ਕਿ ਇਹ ਅਧਿਆਦੇਸ਼ ਸੈਸ਼ਨ 2010-11 ਅਤੇ 2011-12 ਦੇ ਪੁਰਾਣੇ ਵਿਦਿਆਰਥੀਆਂ ਤੇ ਲਾਗੂ ਹੋਣਗੇ। ਸੈਸ਼ਨ 2011-12 ਦੀ ਵਿਭਾਗ ਵਿਚ ਨਵੀਂ Admission Credit Based System ਅਨੁਸਾਰ ਕੀਤੀ ਗਈ ਹੈ। ਪ੍ਰਾਈਵੇਟ ਤੇ ਕਾਲਜਾਂ ਦੇ ਵਿਦਿਆਰਥੀਆਂ ਲਈ ਸੈਸ਼ਨ 2011-12 ਤੋਂ ਪੋਸਟ ਗ੍ਰੈਜੂਏਟ ਅਤੇ 2012-13 ਤੋਂ ਅੰਡਰ ਗ੍ਰੈਜੂਏਟ ਕੋਰਸਾਂ ਲਈ Common Ordinances ਲਾਗੂ ਹੋਣਗੇ।

ਸ੍ਰੀ ਪਰਮਜੀਤ ਸਿੰਘ ਖੈਹਰਾ, ਓ.ਐਸ.ਡੀ. (ਲੇਖਾ) ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

44. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਪਰਮਜੀਤ ਸਿੰਘ ਖੈਹਰਾ, ਓ.ਐਸ.ਡੀ. (ਲੇਖਾ) ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 16.3.2012 ਤੋਂ 15.3.2013 ਤੱਕ ਇੱਕ ਸਾਲ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ਤੇ ਵਾਧਾ ਕੀਤਾ ਹੈ।

ਐਮ.ਬੀ.ਈ. ਦੇ ਵਿਦਿਆਰਥੀ ਦੀ ਪ੍ਰੋਜੈਕਟ ਰਿਪੋਰਟ ਦਾ ਮੁਲਾਂਕਣ ਕਰਵਾਉਣ ਦੀ ਪੁਸ਼ਟੀ।

45. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ New Delhi Institute of Management, New Delhi ਵਿਖੇ ਸੈਸ਼ਨ 2010-11 ਦੌਰਾਨ ਐਮ.ਬੀ.ਈ. ਚੌਥਾ ਸਮੈਸਟਰ ਦੇ ਵਿਦਿਆਰਥੀ- Ricky Lalremruatpuia, ਰੋਲ ਨੰ: 893007, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 31.3.2011 ਤੱਕ ਆਪਣੀ ਪ੍ਰੋਜੈਕਟ ਰਿਪੋਰਟ ਜਮਾਂ ਨਹੀਂ ਕਰਵਾ ਸਕਿਆ, ਨੂੰ ਬਣਦੀ ਲੇਟ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨਾ ਫੀਸ ਸਹਿਤ (ਕੁੱਲ 19200/- ਰੁਪਏ) ਜਮ੍ਹਾਂ ਕਰਵਾਉਣ ਨਾਲ ਪ੍ਰੋਜੈਕਟ ਰਿਪੋਰਟ ਦਾ ਮੁਲਾਂਕਣ ਕਰਵਾਉਣ ਦੀ ਪਰਵਾਨਗੀ ਦਿੱਤੀ ਹੈ।

ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

46. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਅਮਰਦੀਪ ਸਿੰਘ ਵਿਰਦੀ | Studies on Abiotic Stress Regulated Calmodulin-Binding Protein(s) in Sorghum bicolor (L.) Moench. | ਬਾਇਓ-ਟੈਕਨਾਲੋਜੀ-ਲਾਈਫ ਸਾਇੰਸਜ਼ ਫੈਕਲਟੀ। |
| 2. | ਪ੍ਰਸ਼ਾਂਤ ਮੋਹਨਪੁਰੀਆ | Studies on Expression and Silencing of Caffeine Synthase Gene in Camellia sinensis (L.) O. Kuntze. | - ਉਹੀ - |
| 3. | ਸਰਬਜੀਤ ਸਿੰਘ | Development of Small Organic Molecules as Catalysts for Asymmetric Organic Transformations. | ਕੈਮਿਸਟਰੀ-ਸਾਇੰਸਜ਼ ਫੈਕਲਟੀ। |
| 4. | ਗੁਰਪ੍ਰੀਤ ਸਿੰਘ | Construction of Norms for Students of Physical Education. | ਫਿਜ਼ੀਕਲ ਐਜੂਕੇਸ਼ਨ-ਫਿਜ਼ੀਕਲ ਐਜੂਕੇਸ਼ਨ ਫੈਕਲਟੀ। |

ਉਪ-ਕੁਲਪਤੀ ਸਾਹਿਬ ਦਾ ਬਿਆਨ।

47. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦਸਿਆ ਕਿ:-

1. ਯੂ.ਜੀ.ਸੀ. ਵੱਲੋਂ ਇਸ ਯੂਨੀਵਰਸਿਟੀ ਨੂੰ University with Potential for Excellence ਦਾ ਦਰਜਾ ਪ੍ਰਾਪਤ ਹੋਇਆ ਹੈ। ਇਹ ਦਰਜਾ ਪ੍ਰਾਪਤ ਦੇਸ਼ ਦੀਆਂ ਕੁੱਲ 6 ਯੂਨੀਵਰਸਿਟੀਆਂ ਵਿਚੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੀਜੇ ਸਥਾਨ ‘ਤੇ ਹੈ ਅਤੇ ਇਹ ਪੰਜਾਬ ਵਿਚ ਇਕੋ ਇਕ ਯੂਨੀਵਰਸਿਟੀ ਹੈ, ਜਿਸ ਨੂੰ ਇਹ ਦਰਜਾ ਮਿਲਣ ਦਾ ਮਾਣ ਪ੍ਰਾਪਤ ਹੋਇਆ ਹੈ।

2. ਪੰਜਾਬ ਅਕੈਡਮੀ ਆਫ ਸਾਇੰਸਜ਼, ਪਟਿਆਲਾ ਵੱਲੋਂ ਯੂਨੀਵਰਸਿਟੀ ਵਿਖੇ 7-9 ਫਰਵਰੀ, 2012 ਨੂੰ ਤਿੰਨ-ਦਿਨਾ 15ਵੀਂ ਪੰਜਾਬ ਸਾਇੰਸ ਕਾਂਗਰਸ ਆਯੋਜਿਤ ਕੀਤੀ ਗਈ, ਜਿਸ ਦਾ ਉਦਘਾਟਨ ਯੂ.ਜੀ.ਸੀ. ਦੇ ਸਾਬਕਾ ਚੇਅਰਮੈਨ, ਪ੍ਰੋਫੈਸਰ ਯਸ਼ਪਾਲ ਨੇ ਕੀਤਾ। ਇਸ ਮੌਕੇ ਪ੍ਰੋਫੈਸਰ ਯਸ਼ਪਾਲ ਨੂੰ ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਕਾਂਗਰਸ ਦੌਰਾਨ ਪ੍ਰੋਫੈਸਰ ਯਸ਼ਪਾਲ ਵੱਲੋਂ ਯੂਨੀਵਰਸਿਟੀ ਦੇ ਵਾਈਸ-ਚਾਂਸਲਰ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਦੇ 65ਵੇਂ ਜਨਮ ਦਿਨ ‘ਤੇ ਉਨ੍ਹਾਂ ਦੇ ਜੀਵਨ ‘ਤੇ ਅਧਾਰਿਤ ਪੁਸਤਕ ਜੀਵਨ ਪਰਵਾਜ਼ (Profound Pursuits) ਦਾ ਵਿਮੋਚਨ ਕੀਤਾ ਗਿਆ। ਕਾਂਗਰਸ ਦੌਰਾਨ ਇਕ ਸੈਸ਼ਨ ਪ੍ਰੋਫੈਸਰ ਬਰਾੜ ਜੀ ਨੂੰ ਸਮਰਪਿਤ ਸੀ ਜਿਸ ਵਿਚ ਉਨ੍ਹਾਂ ਦੇ ਦੋਸਤਾਂ; ਅਧਿਆਪਕਾਂ ਅਤੇ ਹੋਰ ਸੰਬੰਧੀਆਂ ਨੇ ਉਨ੍ਹਾਂ ਦੇ ਜੀਵਨ ‘ਤੇ ਚਾਨਣਾ ਪਾਇਆ।

3. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਹੁਣ ਤੱਕ ਬੈਚ-2012 ਦੇ 540 ਵਿਦਿਆਰਥੀਆਂ ਦੀ ਦੇਸ਼ ਦੀਆਂ ਨੈਸ਼ਨਲ ਅਤੇ ਮਲਟੀਨੈਸ਼ਨਲ ਕੰਪਨੀਆਂ ਵਿਚ ਪਲੇਸਮੈਂਟ ਹੋ ਚੁੱਕੀ ਹੈ।

4. ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਦੁਆਰਾ 22-26 ਜਨਵਰੀ, 2012

ਨੂੰ ਨਾਗਪੁਰ ਵਿਖੇ ਆਯੋਜਿਤ ਕੀਤੇ ਗਏ ਅੰਤਰ-ਯੂਨੀਵਰਸਿਟੀ ਨੈਸ਼ਨਲ ਯੂਥ ਫੈਸਟੀਵਲ ਦੌਰਾਨ ਇਸ ਯੂਨੀਵਰਸਿਟੀ ਨੇ ਓਵਰਆਲ ਨੈਸਨਲ ਚੈਂਪੀਅਨਸ਼ਿਪ ਅਤੇ ਥੀਏਟਰ ਟਰਾਫੀ ਜਿੱਤੀ। ਇਸ ਤੋਂ ਇਲਾਵਾ 6 ਤੋਂ 8 ਫਰਵਰੀ, 2012 ਨੂੰ ਯੂਨੀਵਰਸਿਟੀ ਆਫ ਰਾਜਸਥਾਨ, ਜੈਪੁਰ ਵਿਖੇ ਇੰਟਰਨੈਸ਼ਨਲ ਝੂਮਰ ਫੈਸਟੀਵਲ ਕਰਵਾਇਆ ਗਿਆ, ਜਿਸ ਵਿਚ ਯੂਨੀਵਰਸਿਟੀ ਨੇ ਓਵਰਆਲ ਚੈਂਪੀਅਨਸ਼ਿਪ ਜਿੱਤੀ।

5. ਪੰਜਾਬੀ ਅਕਾਦਮੀ, ਦਿੱਲੀ ਵੱਲੋਂ 11 ਫਰਵਰੀ, 2012 ਨੂੰ ਤਾਲਕਟੋਰਾ ਇਨਡੋਰ ਸਟੇਡੀਅਮ ਵਿਖੇ ਅੰਤਰ-ਯੂਨੀਵਰਸਿਟੀ ਸਭਿਆਚਾਰਕ ਸਮਾਰੋਹ ਕਰਵਾਇਆ ਗਿਆ ਜਿਸ ਵਿਚ ਉਤਰ ਭਾਰਤ ਦੀਆਂ 7 ਯੂਨੀਵਰਸਿਟੀਆਂ ਨੇ ਭਾਗ ਲਿਆ। ਇਸ ਸਮਾਰੋਹ ਵਿਚ ਸਾਡੇ ਵਿਦਿਆਰਥੀ ਕਲਾਕਾਰਾਂ ਨੇ ਲੋਕ ਸਾਜ਼, ਲੋਕ ਗੀਤ ਆਈਟਮ ਵਿਚ ਪਹਿਲਾ ਅਤੇ ਗਿੱਧੇ ਵਿਚ ਦੂਜਾ ਸਥਾਨ ਹਾਸਲ ਕੀਤਾ।

6. (ੳ) Amity University, Noida ਵਿਖੇ ਹੋਈ 14th International Conference- INBUSH (International Business Horizon) ਦੌਰਾਨ ਇਸ ਯੂਨੀਵਰਸਿਟੀ ਦੇ ਉਪ-ਕੁਲਪਤੀ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਨੂੰ ਉਨ੍ਹਾਂ ਵੱਲੋਂ ਵਿਦਿਆ ਦੇ ਖੇਤਰ ਵਿਚ ਪਾਏ ਅਹਿਮ ਯੋਗਦਾਨ ਸਦਕਾ Amity Academic Excellence Award ਪ੍ਰਦਾਨ ਕੀਤਾ ਗਿਆ ਹੈ।

(ਅ) ਗਲੋਬਲ ਪੰਜਾਬੀ ਸੁਸਾਇਟੀ, ਦਿੱਲੀ ਵੱਲੋਂ ਆਪਣੇ ਇਕ ਵਿਸ਼ੇਸ਼ ਸਮਾਗਮ ਦੌਰਾਨ ਉਪ-ਕੁਲਪਤੀ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਨੂੰ GPS Achiever Award ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਸਮਾਗਮ ਦੌਰਾਨ ਪਾਂਡੀਚਰੀ ਦੇ ਮਾਨਯੋਗ ਗਵਰਨਰ ਸ: ਇਕਬਾਲ ਸਿੰਘ ਅਤੇ ਉੱਘੇ ਕ੍ਰਿਕਟ ਖਿਡਾਰੀ ਸ: ਬਿਸ਼ਨ ਸਿੰਘ ਬੇਦੀ ਹਾਜ਼ਰ ਸਨ। ਇਹ ਅਵਾਰਡ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਵਿਚ ਨਾਂ ਕਮਾਉਣ ਵਾਲੀਆਂ ਹਸਤੀਆਂ ਨੂੰ ਦਿੱਤਾ ਜਾਂਦਾ ਹੈ।

(ੲ) National Magnetic Resonance Society of India (NMRS) ਦੀ ਬੰਗਲੋਰ ਵਿਖੇ ਹੋਈ ਰਾਸ਼ਟਰੀ ਕਾਨਫਰੰਸ ਦੌਰਾਨ ਉਪ-ਕੁਲਪਤੀ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਤਿੰਨ ਸਾਲ ਲਈ NMRS of India ਦੇ ਪ੍ਰਧਾਨ ਚੁਣੇ ਗਏ ਹਨ।

(ਸ) ਭਾਰਤ ਸਰਕਾਰ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦੇ ਉਚੇਰੀ ਸਿੱਖਿਆ ਬਾਰੇ ਵਿਭਾਗ ਵੱਲੋਂ ਉਪ-ਕੁਲਪਤੀ, ਪ੍ਰੋਫੈਸਰ ਅਜਾਇਬ ਸਿੰਘ ਬਰਾੜ 'ਸੁਸਾਇਟੀ ਆਫ ਦਾ ਇੰਡੀਅਨ ਇੰਸਟੀਚਿਊਟ ਆਫ ਐਡਵਾਂਸਡ ਸਟੱਡੀ', ਸ਼ਿਮਲਾ ਦੇ ਤਿੰਨ ਸਾਲ ਲਈ ਮੈਂਬਰ ਨਾਮਜ਼ਦ ਹੋਏ ਹਨ।

7. ਏਸ਼ੀਅਨ ਫੈਡਰੇਸ਼ਨ ਆਫ ਸਪੋਰਟਸ ਮੈਡੀਸਨ ਦੀ ਡੈਲੀਗੇਟ ਕੌਂਸਿਲ ਵੱਲੋਂ ਇਸ ਯੂਨੀਵਰਸਿਟੀ ਦੇ ਸਪੋਰਟਸ ਮੈਡੀਸਨ ਅਤੇ ਫਿਜ਼ੀਓਥਰਾਪੀ ਫੈਕਲਟੀ ਦੇ ਡੀਨ, ਪ੍ਰੋਫੈਸਰ ਜਸਪਾਲ ਸਿੰਘ ਸੰਧੂ ਨੂੰ ਚਾਰ ਸਾਲ ਲਈ ਫੈਡਰੇਸ਼ਨ ਦਾ ਸਕੱਤਰ ਜਨਰਲ ਚੁਣਿਆ ਗਿਆ ਹੈ। ਇਸ ਤੋਂ ਇਲਾਵਾ ਪ੍ਰੋਫੈਸਰ ਸੰਧੂ ਨੂੰ ਇੰਟਰਨੈਸ਼ਨਲ ਫੈਡਰੇਸ਼ਨ ਆਫ ਸਪੋਰਟਸ ਮੈਡੀਸਨ (ਫਿਮਜ਼) ਵੱਲੋਂ ਫੈਲੋ ਨਾਮਜ਼ਦ ਕੀਤਾ ਗਿਆ ਹੈ।

8. ਯੂਨੀਵਰਸਿਟੀ ਦੇ ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਸ੍ਰੀ ਅੰਮ੍ਰਿਤ ਪਾਲ ਸਿੰਘ ਨੂੰ ਇੰਡੀਅਨ ਫਾਰਮਾਕੋਲੋਜੀਕਲ ਸੁਸਾਇਟੀ ਵੱਲੋਂ ਸਾਲ 2011 ਦਾ ਸਰੋਜ ਵੀ.ਐਨ. ਸ਼ਰਮਾ ਅਵਾਰਡ ਦਿੱਤਾ ਗਿਆ। ਇਸ ਤੋਂ ਇਲਾਵਾ ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਦੀ ਅਸਿਸਟੈਂਟ ਪ੍ਰੋਫੈਸਰ ਡਾ. ਮਨਿੰਦਰ ਕੌਰ ਨੂੰ ਪੂਨਾ ਵਿਖੇ ਹੋਈ ਫੂਡ ਸਾਇੰਟਿਸਟ ਐਂਡ ਟੈਕਨਾਲੋਜਿਸਟ ਦੀ 21ਵੀਂ ਇੰਡੀਅਨ ਕਨਵੋਕੇਸਨ ਦੇ ਮੌਕੇ ਐਸੋਸੀਏਸ਼ਨ ਆਫ ਫੂਡ ਸਾਇੰਟਿਸਟ ਐਂਡ ਟੈਕਨਾਲੋਜਿਸਟ ਵੱਲੋਂ ਯੰਗ ਸਾਇੰਟਿਸਟ ਅਵਾਰਡ 2010 ਨਾਲ ਸਨਮਾਨਿਤ ਕੀਤਾ ਗਿਆ।

9. International Consortium of Contemporary Biologists ਅਤੇ Madhawi-Shyam Educational Trust ਵੱਲੋਂ ਸਾਂਝੇ ਤੌਰ ਤੇ ਪਟਨਾ ਵਿਖੇ ਕਰਵਾਈ ਗਈ Fourth International Conference on Life Science Research for Rural and Agricultural Development ਦੌਰਾਨ ਪ੍ਰੋਫੈਸਰ ਅਵਿਨਾਸ਼ ਨਾਗਪਾਲ, ਬੋਟਾਨੀਕਲ ਅਤੇ ਇਨਵਾਇਰਨਮੈਂਟਲ ਸਾਇੰਸ ਵਿਭਾਗ ਨੂੰ Senior Scientist Award ਨਾਲ ਸਨਮਾਨਿਤ ਕੀਤਾ ਗਿਆ।

10. ਯੂਨੀਵਰਸਿਟੀ ਦੀ 38ਵੀਂ ਸਲਾਨਾ ਕਨਵੋਕੇਸਨ 1 ਫਰਵਰੀ, 2012 ਨੂੰ ਆਯੋਜਿਤ ਕੀਤੀ ਗਈ, ਜਿਸ ਦੀ ਪ੍ਰਧਾਨਗੀ ਗਵਰਨਰ, ਪੰਜਾਬ ਅਤੇ ਚਾਂਸਲਰ, ਮਾਨਯੋਗ ਸ਼ਿਵਰਾਜ ਵੀ. ਪਾਟਿਲ ਜੀ ਨੇ ਕੀਤੀ। ਸ੍ਰੀ ਨਰਾਇਣਾ ਮੂਰਥੀ, ਚੇਅਰਮੈਨ-ਐਮਰੀਟਸ ਇਨਫੋਸਿਸ ਲਿਮਿਟਡ, ਬੰਗਲੋਰ ਨੇ ਕਨਵੋਕੇਸ਼ਨ ਭਾਸ਼ਨ ਦਿੱਤਾ ਅਤੇ ਉਨ੍ਹਾਂ ਨੂੰ ਇਸ ਮੌਕੇ D.Sc. (Honoris Causa) ਡਿਗਰੀ ਨਾਲ ਸਨਮਾਨਿਤ ਕੀਤਾ ਗਿਆ।

11. ਜਨਵਰੀ-ਮਾਰਚ, 2012 ਦੌਰਾਨ ਭਾਈ ਗੁਰਦਾਸ ਲਾਇਬ੍ਰੇਰੀ, ਕਾਨੂੰਨ ਵਿਭਾਗ, ਗੁਰੂ ਨਾਨਕ ਅਧਿਐਨ ਵਿਭਾਗ, ਹਿਊਮਨ ਜੈਨੇਟਿਕਸ ਵਿਭਾਗ, ਮਾਈਕ੍ਰੋਬਿਆਲੋਜੀ ਵਿਭਾਗ, ਪੰਜਾਬੀ ਅਧਿਐਨ ਸਕੂਲ ਅਤੇ ਕੈਮਿਸਟਰੀ ਵਿਭਾਗ ਵੱਲੋਂ ਸੈਮੀਨਾਰ/ਕਾਨਫਰੰਸ/ਸਿੰਪੋਜ਼ੀਅਮ ਆਯੋਜਿਤ ਕੀਤੇ ਗਏ।

12. ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਵੱਲੋਂ ਡਾ. ਪਰਮਜੀਤ ਸਿੰਘ ਵਾਲੀਆ ਯਾਦਗਾਰੀ ਭਾਸ਼ਨ ਮਿਤੀ 21 ਫਰਵਰੀ ਨੂੰ ਕਰਵਾਇਆ ਗਿਆ। ਇਹ ਭਾਸ਼ਨ ਪੰਜਾਬ ਯੂਨੀਵਰਸਿਟੀ ਰਿਜ਼ਨਲ ਕੈਂਪਸ, ਸ੍ਰੀ ਮੁਕਤਸਰ ਸਾਹਿਬ ਦੇ ਡਾਇਰੈਕਟਰ, ਪ੍ਰੋਫੈਸਰ ਪਰਮਜੀਤ ਸਿੰਘ ਢੀਂਡਸਾ ਨੇ ਦਿੱਤਾ। ਇਸ ਤੋਂ ਇਲਾਵਾ 28 ਫਰਵਰੀ ਨੂੰ ਸਰਦਾਰਨੀ ਬਲਬੀਰ ਕੌਰ ਬਰਾੜ ਯਾਦਗਾਰੀ ਭਾਸ਼ਨ ਕਰਵਾਇਆ ਗਿਆ। ਇਹ ਭਾਸ਼ਨ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਤੇ ਉੱਘੇ ਵਿਦਵਾਨ ਡਾ. ਜਗਬੀਰ ਸਿੰਘ ਨੇ ਭਾਰਤੀ ਗਿਆਨ ਪ੍ਰੰਪਰਾ ਅਤੇ ਮੱਧਕਾਲੀਨ ਪੰਜਾਬੀ ਸਾਹਿਤ ਵਿਸ਼ੇ ਤੇ ਦਿੱਤਾ।

13. ਯੂ.ਜੀ.ਸੀ. ਦੀ ਨੈਕ ਟੀਮ ਅਕਾਦਮਿਕ ਸਟਾਫ ਕਾਲਜ ਦਾ ਮੁਲਾਂਕਣ ਕਰਨ ਲਈ ਮਿਤੀ 13-15 ਫਰਵਰੀ, 2012 ਨੂੰ ਇਸ ਯੂਨੀਵਰਸਿਟੀ ਦੇ ਦੌਰੇ ਤੇ ਆਈ। ਨੈਕ ਟੀਮ ਨੇ ਮੁਲਾਂਕਣ ਉਪਰੰਤ ਅਕਾਦਮਿਕ ਸਟਾਫ ਕਾਲਜ ਦੇ ਕਾਰਜ ਸਬੰਧੀ ਆਪਣੀ ਤੱਸਲੀ ਪ੍ਰਗਟ ਕੀਤੀ।

14. ਯੂਨੀਵਰਸਿਟੀ ਵਿਖੇ 15 ਮਾਰਚ ਨੂੰ 42ਵਾਂ ਸਾਲਾਨਾ ਖੇਡ ਇਨਾਮ ਵੰਡ ਸਮਾਗਮ 2011-12 ਆਯੋਜਿਤ ਕੀਤਾ ਗਿਆ, ਜਿਸ ਵਿਚ ਪਦਮਸ਼੍ਰੀ ਬਿਸ਼ਨ ਸਿੰਘ ਬੇਦੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਇਸ ਸਮਾਗਮ ਵਿਚ ਲੱਗਭੱਗ 450 ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ।

15. ਯੂਨੀਵਰਸਿਟੀ ਦੇ ਅਕਾਦਮਿਕ ਸਟਾਫ ਕਾਲਜ ਵੱਲੋਂ ਮਿਤੀ 17 ਫਰਵਰੀ ਤੋਂ 15 ਮਾਰਚ, 2012 ਤੱਕ 28 ਦਿਨਾਂ ਜਨਰਲ ਓਰੀਐਂਟੇਸ਼ਨ ਕੋਰਸ-87 ਲਗਾਇਆ ਗਿਆ।

16. ਯੂਨੀਵਰਸਿਟੀ ਵਿਖੇ ਅੰਤਰ-ਵਿਭਾਗੀ ਕਲਾ ਅਤੇ ਸਭਿਆਚਾਰਕ ਮੁਕਾਬਲਿਆਂ ਦਾ ਪ੍ਰੋਗਰਾਮ ਜਸ਼ਨ-2012, 1 ਤੋਂ 4 ਮਾਰਚ, 2012 ਤੱਕ ਆਯੋਜਿਤ ਕੀਤਾ ਗਿਆ।

**ਸਿੰਡੀਕੇਟ ਵੱਲੋਂ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ।**

ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।

48. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇਕੱਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਡਾ. ਸੰਦੀਪ ਸੂਦ, ਰੀਡਰ, ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਨੂੰ ਕਾਨੂੰਨ ਵਿਭਾਗ ਦਾ ਮੁਖੀ ਨਿਯੁਕਤ ਕਰਨ ਦੀ ਪੁਸ਼ਟੀ।

49. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਪਵਨ ਕੁਮਾਰ, ਰੀਡਰ ਅਤੇ ਮੁਖੀ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਦੀ ਮੈਡੀਕਲ ਛੁੱਟੀ ਦੌਰਾਨ ਡਾ. ਸੰਦੀਪ ਸੂਦ, ਰੀਡਰ, ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਨੂੰ ਮਿਤੀ 5.3.2012 ਤੋਂ 23.3.2012 ਤੱਕ ਕਾਨੂੰਨ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

ਡਾ. ਮੋਹਨ ਕੁਮਾਰ, ਐਸੋਸੀਏਟ ਪ੍ਰੋਫੈਸਰ, ਵਿਦੇਸ਼ੀ ਭਾਸ਼ਾਵਾਂ ਵਿਭਾਗ ਦੀ ਮੁਖੀ ਵਜੋਂ ਨਿਯੁਕਤੀ ਦੀ ਪੁਸ਼ਟੀ।

50. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਮੋਹਨ ਕੁਮਾਰ, ਐਸੋਸੀਏਟ ਪ੍ਰੋਫੈਸਰ, ਵਿਦੇਸ਼ੀ ਭਾਸ਼ਾਵਾਂ ਵਿਭਾਗ ਨੂੰ ਮਿਤੀ 7.3.2012 ਤੋਂ 30.6.2012 ਤੱਕ ਅਤੇ ਮਿਤੀ 1.7.2012 ਤੋਂ 30.6.2015 ਤੱਕ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

ਸ. ਤਰਲੋਕ ਸਿੰਘ, ਸਹਾਇਕ ਰਜਿਸਟਰਾਰ ਦੀ ਮੁੜ-ਨਿਯੁਕਤੀ ਦੀ ਪਰਵਾਨਗੀ।

51. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ. ਤਰਲੋਕ ਸਿੰਘ, ਸਹਾਇਕ ਰਜਿਸਟਰਾਰ (ਰਜਿਸਟਰਾਰ ਦਫਤਰ), ਜੋ ਕਿ ਮਿਤੀ 31.3.2012 ਨੂੰ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋ ਰਹੇ ਹਨ, ਨੂੰ ਮਿਤੀ 1.4.2012 ਤੋਂ 30.9.2012 ਤੱਕ, ਛੇ ਮਹੀਨੇ ਲਈ ਮੁੜ ਨਿਯੁਕਤ ਕੀਤਾ ਜਾਂਦਾ ਹੈ।

ਇਹ ਵੀ **ਪਾਸ ਹੋਇਆ** ਕਿ ਸ. ਤਰਲੋਕ ਸਿੰਘ, ਸਹਾਇਕ ਰਜਿਸਟਰਾਰ ਨੂੰ ਨਿਯਮਾਂ ਅਨੁਸਾਰ ਤਨਖਾਹ ਦੀ ਅਦਾਇਗੀ ਕੀਤੀ ਜਾਵੇਗੀ।

ਸ੍ਰੀ ਕਰਨੈਲ ਸਿੰਘ ਵਿਰਦੀ, ਨਿਗਰਾਨ ਇੰਜੀਨੀਅਰ (ਸੇਵਾ-ਮੁਕਤ) ਦੀ ਤਕਨੀਕੀ ਸਲਾਹਕਾਰ ਅਤੇ ਨਿਗਰਾਨ ਇੰਜੀਨੀਅਰ ਵਜੋਂ ਨਿਯੁਕਤੀ ਵਿਚ ਵਾਧੇ ਦੀ ਪੁਸ਼ਟੀ।

52. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਕਰਨੈਲ ਸਿੰਘ ਵਿਰਦੀ, ਨਿਗਰਾਨ ਇੰਜੀਨੀਅਰ (ਸੇਵਾ-ਮੁਕਤ) ਦੀ ਯੂਨੀਵਰਸਿਟੀ ਦੇ ਇੰਜੀਨੀਰਿੰਗ ਵਿਭਾਗ ਵਿਖੇ ਤਕਨੀਕੀ ਸਲਾਹਕਾਰ ਅਤੇ ਨਿਗਰਾਨ ਇੰਜੀਨੀਅਰ ਵਜੋਂ ਨਿਯੁਕਤੀ ਦੀ ਮਿਆਦ ਵਿਚ ਮਿਤੀ 16.3.2012 ਤੋਂ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਇਕ ਸਾਲ ਦਾ ਵਾਧਾ ਕਰਦਿਆਂ 8000/- ਰੁਪਏ ਪ੍ਰਤੀ ਮਹੀਨਾ ਸੇਵਾਫਲ ਤੋਂ ਵਧਾ ਕੇ 10000/- ਰੁਪਏ ਪ੍ਰਤੀ ਮਹੀਨਾ ਕੀਤਾ ਹੈ।

ਸਪੋਰਟਸ ਕਮੇਟੀ (ਪੁਰਸ਼ ਅਤੇ ਇਸਤਰੀਆਂ) ਦੀ ਇੱਕਤਰਤਾ ਮਿਤੀ 9.3.2012 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

53. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਪੋਰਟਸ ਕਮੇਟੀ (ਪੁਰਸ਼ ਅਤੇ ਇਸਤਰੀਆਂ) ਦੀ ਇੱਕਤਰਤਾ ਮਿਤੀ 9.3.2012 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 14.3.2012 ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।

54. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 14.3.2012 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਉੱਤਰ-ਪਤੱਰੀਆਂ ਦੇ ਪੈਕਟਾਂ ਨੂੰ ਇੱਕਠੇ ਕਰਨ ਲਈ ਸਥਾਪਤ ਕੀਤੇ ਕੁਲੈਕਸ਼ਨ ਕੇਂਦਰਾਂ ਵਿਖੇ ਨਿਯੁਕਤ ਅਮਲੇ ਨੂੰ ਮਾਨ-ਭੱਤਾ ਦੇਣ ਦੀ ਪਰਵਾਨਗੀ।

55. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਾਲ 2011 ਅਤੇ 2012 ਦੀਆਂ ਸਲਾਨਾ/ਸਮੈਸਟਰ ਪ੍ਰੀਖਿਆਵਾਂ ਦੀਆਂ ਉੱਤਰ-ਪੱਤਰੀਆਂ ਦੇ ਪੈਕਟਾਂ ਨੂੰ ਯੂਨੀਵਰਸਿਟੀ ਵਿਖੇ ਲਿਆਉਣ ਲਈ ਸਥਾਪਤ ਕੀਤੇ ਹੇਠ ਲਿਖੇ ਕੁਲੈਕਸ਼ਨ ਕੇਂਦਰਾਂ ਵਿਖੇ ਨਿਯੁਕਤ ਨਿਗਰਾਨ ਨੂੰ 6000/- ਰੁਪਏ, ਸਹਾਇਕ/ਕਲਰਕ ਨੂੰ 4500/- ਰੁਪਏ ਅਤੇ ਦਫਤਰੀ/ਸੇਵਾਦਾਰ ਨੂੰ 2400/- ਰੁਪਏ ਸਿੰਡੀਕੇਟ ਦੀ ਇੱਕਤਰਤਾ ਮਿਤੀ 4.6.2009 ਦੇ ਪੈਰਾ 45 ਦੇ ਆਧਾਰ ਤੇ ਸੇਵਾਫਲ ਦੀ ਅਦਾਇਗੀ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

ਜਲੰਧਰ/ ਨਵਾਂ ਸ਼ਹਿਰ/ ਕਪੂਰਥਲਾ

1. ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ।
2. ਕਮਲਾ ਨਹਿਰੂ ਕਾਲਜ ਫਾਰ ਵੂਮੈਨ, ਫਗਵਾੜਾ।
3. ਯੂਨੀਵਰਸਿਟੀ ਕਾਲਜ, ਲਾਡੋਵਾਲੀ ਰੋਡ, ਨਜਦੀਕ ਸਰਕਾਰੀ ਕਾਲਜ, ਜਲੰਧਰ।
4. ਹਿੰਦੂ ਕੰਨਿਆ ਕਾਲਜ, ਕਪੂਰਥਲਾ।

ਗੁਰਦਾਸਪੁਰ/ ਪਠਾਨਕੋਟ

5. ਆਦਰਸ਼ ਭਾਰਤੀਯ ਕਾਲਜ, ਪਠਾਨਕੋਟ।
6. ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ।

ਸਬੰਧਤ ਇੰਸਟੀਚਿਊਟਸ ਨੂੰ ਪ੍ਰਿੰਸੀਪਲ ਦੀ ਘਾਟ ਕਾਰਣ ਕੀਤਾ ਜੁਰਮਾਨਾ ਵਾਪਸ (Refund) ਕਰਨ ਦੀ ਪਰਵਾਨਗੀ।

56. ਵਿਚਾਰ ਉਪਰੰਤ

**ਪਾਸ ਹੋਇਆ** ਕਿ ਏ.ਪੀ.ਜੇ. ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ, ਨਵੀਂ ਦਿੱਲੀ ਅਤੇ ਏ.ਪੀ.ਜੇ. ਇੰਸਟੀਚਿਊਟ ਆਫ ਡਿਜ਼ਾਈਨ, ਨਵੀਂ ਦਿੱਲੀ ਨੂੰ ਪ੍ਰਿੰਸੀਪਲਾਂ ਦੀ ਘਾਟ ਕਾਰਣ ਕੀਤੇ ਗਏ ਜੁਰਮਾਨੇ ਨੂੰ ਵਾਪਸ (Refund) ਕਰਨ ਸਬੰਧੀ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 10.1.2012 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਕੈਰੀ ਆਨ ਸਿਸਟਮ ਅਧੀਨ ਯੂਨੀਵਰਸਿਟੀ ਕੈਂਪਸ ਅਤੇ ਰਿਜਨਲ ਕੈਂਪਸਸ ਦੇ ਵਿਦਿਆਰਥੀਆਂ ਨੂੰ ਪਹਿਲੇ ਸਮੈਸਟਰ ਦੀ ਰੀ-ਅਪੀਅਰ ਪ੍ਰੀਖਿਆ ਪਾਸ ਕਰਨ ਲਈ ਵਿਸ਼ੇਸ਼ ਮੌਕਾ ਦੇਣ ਦੀ ਪਰਵਾਨਗੀ।

57. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਕੈਰੀ ਆਨ ਸਿਸਟਮ ਅਧੀਨ ਯੂਨੀਵਰਸਿਟੀ ਕੈਂਪਸ ਅਤੇ ਰਿਜਨਲ ਕੈਂਪਸਸ ਵਿਖੇ ਪੜ੍ਹ ਰਹੇ ਅਜਿਹੇ ਵਿਦਿਆਰਥੀ ਜਿਨ੍ਹਾਂ ਦੀ ਪਹਿਲੇ ਸਮੈਸਟਰ ਵਿਚ ਰੀ-ਅਪੀਅਰ ਹੈ, ਨੂੰ 20000/- ਰੁਪਏ ਜੁਰਮਾਨਾ ਫੀਸ ਅਤੇ ਬਣਦੀ ਹੋਰ ਫੀਸ ਨਾਲ ਰੀ-ਅਪੀਅਰ ਪਾਸ ਕਰਨ ਲਈ, ਮਈ 2012 ਵਿਚ ਹੋ ਰਹੀ ਛੇਵੇਂ ਸਮੈਸਟਰ ਦੀ ਪ੍ਰੀਖਿਆ ਨਾਲ ਅਪੀਅਰ ਹੋਣ ਲਈ ਇਕ ਵਿਸ਼ੇਸ਼ ਮੌਕਾ ਦਿੱਤਾ ਜਾਂਦਾ ਹੈ।

ਇਹ ਵੀ **ਪਾਸ ਹੋਇਆ** ਕਿ ਕੈਰੀ ਆਨ ਸਿਸਟਮ (non-credit based) ਅਧੀਨ 2 ਸਾਲ ਤੋਂ ਵਧੀਕ ਵਾਲੇ ਸਾਰੇ ਕੋਰਸ, ਜਿਨ੍ਹਾਂ ਵਿਚ ਕਿਸੇ ਵਿਦਿਆਰਥੀ ਦੀ ਰੀ-ਅਪੀਅਰ ਹੈ ਅਤੇ ਨਿਯਮਾਂ ਅਨੁਸਾਰ ਉਸਦੇ ਬਣਦੇ ਸਾਰੇ ਮੌਕੇ ਖਤਮ ਹੋ ਚੁੱਕੇ ਹਨ, ਨੂੰ Odd Semester ਦੀ Even Semester ਨਾਲ ਅਤੇ Even Semester ਦੀ Odd Semester ਨਾਲ ਪ੍ਰੀਖਿਆ ਦੇਣ ਲਈ 20000/- ਰੁਪਏ ਜੁਰਮਾਨਾ ਫੀਸ ਅਤੇ ਬਣਦੀ ਹੋਰ ਫੀਸ ਨਾਲ ਵਿਸ਼ੇਸ਼ ਤੌਰ ਤੇ ਸਹੂਲਤ ਦਿੱਤੀ ਜਾਂਦੀ ਹੈ। ਇਹ ਸਹੂਲਤ ਵਰਤਮਾਨ ਕੈਰੀ ਆਨ ਸਿਸਟਮ ਅਧੀਨ ਕੋਰਸਾਂ ਵਿਚ ਦਾਖਲ ਵਿਦਿਆਰਥੀਆਂ ਦੇ ਕੋਰਸਾਂ ਦੀ ਨਿਯਮਾਂ ਅਨੁਸਾਰ ਬਣਦੀ ਮਿਆਦ ਖਤਮ ਹੋਣ ਤੱਕ ਹੀ ਹੋਵੇਗੀ। ਇਹ ਨਿਰਣਾ ਸਾਰੇ ਕੈਂਪਸਾਂ/ਕਾਲਜਾਂ ਤੇ ਲਾਗੂ ਹੋਵੇਗਾ।

ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ, ਨਵਾਂ ਸ਼ਹਿਰ ਵਿਖੇ ਨਵਾਂ ਕੋਰਸ ਸ਼ੁਰੂ ਕਰਨ ਦੀ ਪਰਵਾਨਗੀ।

58. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ, ਨਵਾਂ ਸ਼ਹਿਰ ਵਿਖੇ ਸੈਸ਼ਨ 2012-13 ਤੋਂ ਬੀ.ਐਸ.ਸੀ. (ਫੈਸ਼ਨ ਡਿਜਾਈਨਿੰਗ) ਕੋਰਸ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

59. ਮੱਦ ਨੰ: 38 ਨਾਲ ਪੜ੍ਹੀ ਗਈ।

ਸ੍ਰੀਮਤੀ ਅਵਿੰਦਰ ਕੌਰ, ਸੀਨੀਅਰ ਸਹਾਇਕ terminated ਨੂੰ ਮੁੜ-ਬਹਾਲ (Reinstate) ਅਤੇ ਮੁਅਤੱਲ (Suspend) ਕਰਨ ਸਬੰਧੀ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ।

60. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀਮਤੀ ਅਵਿੰਦਰ ਕੌਰ, ਸੀਨੀਅਰ ਸਹਾਇਕ, ਜਿਸ ਦੀਆਂ ਯੂਨੀਵਰਸਿਟੀ ਤੋਂ ਸੇਵਾਵਾਂ ਸਿੰਡੀਕੇਟ ਦੀ ਇੱਕਤਰਤਾ ਮਿਤੀ 3.12.2009 ਰਾਹੀਂ ਪੀਐਚ.ਡੀ. ਲਈ ਕੀਤੇ ਖੋਜ ਕਾਰਜਾਂ ਵਿਚ ਨਕਲ (Plagiarism) ਕਾਰਣ ਖਤਮ (terminate) ਕੀਤੀਆਂ ਗਈਆਂ ਸਨ, ਵੱਲੋਂ ਇਨ੍ਹਾਂ ਆਦੇਸ਼ਾਂ ਵਿਰੁੱਧ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਖਲ ਕੀਤੀ CWP No. 1062 of 2011 (O&M) ਮਿਤੀ 20.1.2011 ਸਬੰਧੀ Appellate Auhtority- ਮਾਣਯੋਗ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਜਾਰੀ ਪੱਤਰ ਨੰ: 5/8/10-GNDU-2G-PRB/144 ਮਿਤੀ 4.1.2012 (**ਅੰਤਿਕਾਵਾਂ** ਅਨੁਸਾਰ) ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ੍ਰੀਮਤੀ ਅਵਿੰਦਰ ਕੌਰ, ਸੀਨੀਅਰ ਸਹਾਇਕ ਦੀਆਂ ਖਤਮ ਕੀਤੀਆਂ ਸੇਵਾਵਾਂ (terminate) ਨੂੰ ਮੁੜ-ਬਹਾਲ (Reinstate) ਕੀਤਾ ਹੈ।

(ਅ) ਉਕਤ (ੳ) ਅਧੀਨ ਸ੍ਰੀਮਤੀ ਅਵਿੰਦਰ ਕੌਰ, ਸੀਨੀਅਰ ਸਹਾਇਕ ਨੂੰ ਯੂਨੀਵਰਸਿਟੀ ਸੇਵਾ ਤੋਂ ਮੁਅਤੱਲ (Suspend) ਕੀਤਾ ਹੈ।

ਡਾ. ਸੁਖਦੇਵ ਸਿੰਘ, ਪ੍ਰੋਫੈਸਰ, ਅੰਗਰੇਜੀ ਵਿਭਾਗ ਨੂੰ ਦਿੱਲੀ ਦੇ ਦੋ ਕਾਲਜਾਂ ਤੋਂ ਵਧੀਕ ਟੀ.ਏ./ਡੀ.ਏ. ਵਸੂਲ ਕਰਨ ਬਾਰੇ ਦੋਸ਼ ਮੁਕਤ ਕਰਨ ਸਬੰਧੀ।

61. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਮਰਸ ਅਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਅਤੇ ਡਾ. ਸੁਖਦੇਵ ਸਿੰਘ, ਪ੍ਰੋਫੈਸਰ, ਅੰਗਰੇਜੀ ਵਿਭਾਗ, ਜੋ ਦਿੱਲੀ ਦੇ ਦੋ ਕਾਲਜਾਂ- ਏਸ਼ੀਆ ਪੈਸੀਫਿਕ ਇੰਸਟੀਚਿਊਟ ਆਫ ਮੈਨੇਜਮੈਂਟ ਅਤੇ ਸ੍ਰੀ ਗੁਰੂ ਅਰਜਨ ਦੇਵ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਇਨਫਰਮੇਸ਼ਨ ਟੈਕਨਾਲੋਜੀ ਵਿਖੇ ਲੈਕਚਰਾਰਾਂ ਦੀ ਚੋਣ ਸਬੰਧੀ ਮਿਤੀ 12.7.2008 ਅਤੇ 13.7.2008 ਨੂੰ ਚੋਣ ਕਮੇਟੀ ਵਿਚ ਵਿਸ਼ਾ ਮਾਹਿਰ ਵਜੋਂ ਸ਼ਾਮਿਲ ਹੋਏ, ਵੱਲੋਂ ਦੋਹਾਂ ਕਾਲਜਾਂ ਤੋਂ ਟੀ.ਏ./ਡੀ.ਏ. ਪ੍ਰਾਪਤ ਕਰਨ ਸਬੰਧੀ ਸਿੰਡੀਕੇਟ ਦੀ ਇੱਕਤਰਤਾ ਮਿਤੀ 3.12.2009 ਦੇ ਪੈਰਾ 16 ਰਾਹੀਂ ਮਾਮਲੇ ਦੀ ਤਹਿ ਤੱਕ ਜਾਣ ਲਈ ਅਤੇ ਨਿਰਣਾ ਲੈਣ ਦੇ ਦਿੱਤੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੀ ਜਾਂਦੀ ਹੈ।

ਸ੍ਰੀ ਰਾਮ ਅਵਧ,ਪੰਪ ਡਰਾਈਵਰ, ਉਸਾਰੀ ਵਿਭਾਗ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧਾ।

62. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਰਾਮ ਅਵਧ, ਪੰਪ ਡਰਾਈਵਰ (ਸੇਵਾ-ਮੁਕਤ), ਉਸਾਰੀ ਵਿਭਾਗ, ਜਿਸ ਦੀ ਵਰਤਮਾਨ ਨਿਯੁਕਤੀ ਦੀ ਮਿਆਦ ਮਿਤੀ 9.4.2012 ਤੱਕ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 10.4.2012 ਦੀ ਬ੍ਰੇਕ ਦੇ ਕੇ ਮਿਤੀ 11.4.2012 ਤੋਂ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਜਾਂਦਾ ਹੈ।

ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

63. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਉਨ੍ਹਾਂ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਅਨੁਰਾਧਾ | Reservation Law and Policy: An Analytical Study of its Criteria. | ਲਾਅ- ਲਾਅਜ਼ ਫੈਕਲਟੀ। |
| 2. | ਰਵੀ ਚੰਦਰ | Electrical, Optical and Thermal Properties of Te-Substituted Sn-Sb-Se Chalcogenide Semiconductors. | ਅਪਲਾਈਡ ਫਿਜ਼ਿਕਸ- ਅਪਲਾਈਡ ਸਾਇੰਸਜ਼ ਫੈਕਲਟੀ। |
| 3. | ਜਸਕਿਰਨ ਕੌਰ | Synthesis and Characterisation of Nano/Micro Metallic Structures on Semiconductor Substrates. | ਫਿਜ਼ਿਕਸ- ਸਾਇੰਸਜ਼ ਫੈਕਲਟੀ। |

ਚੋਣ/ ਸਕਰੀਨਿੰਗ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

64. ਯੂ.ਜੀ.ਸੀ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਹੇਠਾਂ ਦਰਸਾਏ ਵੇਰਵੇ ਅਨੁਸਾਰ ਅਧਿਆਪਕਾਂ ਦੀ ਤਰੱਕੀ ਸਬੰਧੀ ਚੋਣ/ਸਕਰੀਨਿੰਗ ਕਮੇਟੀ ਦੀਆਂ ਮਿਤੀ 24.3.2012 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਉੱਤੇ ਵਿਚਾਰ ਹੋਈ:-

| | | |
|---|---|---|
| 1. | ਪ੍ਰੋਫੈਸਰ ਹਿੰਦੀ | - ਡਾ. ਸੁਧਾ ਰਾਣੀ |
| 2. | ਅਸਿਸਟੈਂਟ ਪ੍ਰੋਫੈਸਰ, ਕਮਰਸ ਅਤੇ ਬਿਜ਼ਨੈਸ ਮੈਨੇਜਮੈਂਟ, ਏ.ਐਸ.ਐਸ.ਐਮ. ਕਾਲਜ, ਮੁਕੰਦਪੁਰ | - ਡਾ. ਕਰਮਜੀਤ ਕੌਰ |
| 3. | ਅਸਿਸਟੈਂਟ ਪ੍ਰੋਫੈਸਰ, ਕਮਰਸ ਅਤੇ ਬਿਜ਼ਨੈਸ ਮੈਨੇਜਮੈਂਟ | - ਡਾ. ਸੁਮਨਿੰਦਰ ਕੌਰ ਬਾਵਾ |
| 4. | ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ | - ਸ੍ਰੀ ਅਸ਼ਵਨੀ ਕੁਮਾਰ ਸੂਦ |
| 5. | ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ ਵਿਭਾਗ | - ਡਾ. ਇੰਦਰਪ੍ਰੀਤ ਕੌਰ |
| 6. | ਅਸਿਸਟੈਂਟ ਪ੍ਰੋਫੈਸਰ, ਫੂਡ ਸਾਇੰਸ ਤੇ ਟੈਕਨਾਲੋਜੀ ਵਿਭਾਗ | - ਡਾ. ਅੰਮ੍ਰਿਤਪਾਲ ਕੌਰ |
| 7. | ਅਸਿਸਟੈਂਟ ਪ੍ਰੋਫੈਸਰ, ਸਕੂਲ ਆਫ ਸ਼ੋਸ਼ਲ ਸਾਇੰਸਜ਼ | - ਡਾ. ਮਹਿਰਾ ਅੰਜਲੀ ਮਦਨ ਲਾਲ |
| 8. | ਅਸਿਸਟੈਂਟ ਪ੍ਰੋਫੈਸਰ ਲਾਅ, ਰਿਜਨਲ ਕੈਂਪਸ, ਜਲੰਧਰ | - ਮਿਸ. ਨਿਰਮਲਾ ਦੇਵੀ |
| 9. | ਅਸਿਸਟੈਂਟ ਪ੍ਰੋਫੈਸਰ ਲਾਅ, ਰਿਜਨਲ ਕੈਂਪਸ, ਜਲੰਧਰ | - ਡਾ. ਰੂਪਮ ਜਗੋਤਾ |

**ਪਾਸ ਹੋਇਆ** ਕਿ ਯੂ.ਜੀ.ਸੀ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਅਧਿਆਪਕਾਂ ਦੀ ਤਰੱਕੀ ਸਬੰਧੀ ਚੋਣ/ਸਕਰੀਨਿੰਗ ਕਮੇਟੀ ਦੀਆਂ ਮਿਤੀ 24.3.2012 ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਹੇਠ ਲਿਖੇ ਅਧਿਆਪਕਾਂ ਨੂੰ ਯੋਗ ਹੋਣ ਦੀ ਮਿਤੀ ਤੋਂ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਪ੍ਰਮੋਟ ਕੀਤਾ ਜਾਂਦਾ ਹੈ:-

| | | |
|---|---|---|
| 1. | ਡਾ. ਸੁਧਾ ਰਾਣੀ, ਐਸੋਸੀਏਟ ਪ੍ਰੋਫੈਸਰ, ਹਿੰਦੀ ਵਿਭਾਗ | ਪ੍ਰੋਫੈਸਰ ਵਜੋਂ (ਸਟੇਜ 5) |
| 2. | ਡਾ. ਕਰਮਜੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਕਮਰਸ ਤੇ ਬਿਜ਼ਨੈਸ ਮੈਨੇਜਮੈਂਟ, ਏ.ਐਸ.ਐਸ.ਐਮ. ਕਾਲਜ, ਮੁਕੰਦਪੁਰ | ਸਟੇਜ 2 ਤੋਂ 3 |
| 3. | ਡਾ. ਸੁਮਨਿੰਦਰ ਕੌਰ ਬਾਵਾ, ਅਸਿਸਟੈਂਟ ਪ੍ਰੋਫੈਸਰ, ਕਮਰਸ ਤੇ ਬਿਜ਼ਨੈਸ ਮੈਨੇਜਮੈਂਟ | ਸਟੇਜ 2 ਤੋਂ 3 |
| 4. | ਸ੍ਰੀ ਅਸ਼ਵਨੀ ਕੁਮਾਰ ਸੂਦ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ | ਸਟੇਜ 2 ਤੋਂ 3 |
| 5. | ਡਾ. ਇੰਦਰਪ੍ਰੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਕੈਮਿਸਟਰੀ | ਸਟੇਜ 1 ਤੋਂ 2 |
| 6. | ਡਾ. ਅੰਮ੍ਰਿਤਪਾਲ ਕੌਰ, ਅਸਿਸਟੈਂਟ ਪ੍ਰੋਫੈਸਰ, ਫੂਡ ਸਾਇੰਸ ਤੇ ਟੈਕਨਾਲੋਜੀ | ਸਟੇਜ 1 ਤੋਂ 2 |
| 7. | ਡਾ. ਮਹਿਰਾ ਅੰਜਲੀ ਮਦਨ ਲਾਲ, ਅਸਿਸਟੈਂਟ ਪ੍ਰੋਫੈਸਰ, ਸਕੂਲ ਆਫ ਸੋਸ਼ਲ ਸਾਇੰਸਜ਼ | ਸਟੇਜ 1 ਤੋਂ 2 |
| 8. | ਮਿਸ. ਨਿਰਮਲਾ ਦੇਵੀ, ਅਸਿਸਟੈਂਟ ਪ੍ਰੋਫੈਸਰ, ਲਾਅ, ਰਿਜਨਲ ਕੈਂਪਸ, ਜਲੰਧਰ | ਸਟੇਜ 1 ਤੋਂ 2 |

9. ਡਾ. ਰੂਪਮ ਜਗੋਤਾ, ਸਟੇਜ 1 ਤੋਂ 2
ਅਸਿਸਟੈਂਟ ਪ੍ਰੋਫੈਸਰ, ਲਾਅ,
ਰਿਜਨਲ ਕੈਂਪਸ, ਜਲੰਧਰ

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ।

ਸਹੀ/-

(ਅ.ਸ. ਬਰਾੜ)
ਉਪ-ਕੁਲਪਤੀ